## ‘ਸੰਤ ਨਿਰੰਕਾਰੀ’ ਸੰਪਰਦਾ ਦੀ

# ਅਵਤਾਰ ਬਾਣੀ

## ’ਤੇ ਇਕ ਝਾਤ

ਮੁਖਤਾਰ ਸਿੰਘ ਗੁਰਾਇਆ

ਪ੍ਰਕਾਸ਼ਕ:
**ਡਾ.ਇੰਦਰਜੀਤ ਕੌਰ, ਪ੍ਰਧਾਨ**
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.)
ਅੰਮ੍ਰਿਤਸਰ

# ‘ਸੰਤ ਨਿਰੰਕਾਰੀ’ ਸੰਪਰਦਾ ਦੀ ਅਵਤਾਰ ਬਾਣੀ ’ਤੇ ਇਕ ਝਾਤ


ਲੇਖਕ

**ਮੁਖਤਾਰ ਸਿੰਘ ਗੁਰਾਇਆ**

ਡੀ-577, ਰਣਜੀਤ ਐਵਿਨਿਊ

ਅੰਮ੍ਰਿਤਸਰ-143001

ਫੋਨ : +91-183-2501399

ਮੋ: 98551-22568



©ਲੇਖਕ



ਮਈ : 2011

ਦੂਸਰੀ ਵਾਰ : 20,000 ਛਪਿਆ

ਪ੍ਰਕਾਸ਼ਕ:

**ਡਾ.ਇੰਦਰਜੀਤ ਕੌਰ, ਪ੍ਰਧਾਨ**

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.)

ਅੰਮ੍ਰਿਤਸਰ

**ਭੇਟਾ ਰਹਿਤ**

*ਪ੍ਰਿੰਟਰ :*

**ਪ੍ਰਿੰਟਵੈੱਲ**

146, ਇੰਡੀਸਟ੍ਰੀਅਲ ਫੋਕਲ ਪੁਆਇੰਟ, ਅੰਮ੍ਰਿਤਸਰ

# ਸਮਰਪਣ

1. ਸ਼ਹੀਦ ਭਾਈ ਫ਼ੌਜਾ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸ਼ਹੀਦ।
2. ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ, ਸਾਬਕਾ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ
3. ਮੇਰੇ ਪਰਮ ਮਿੱਤਰ, ਸ੍ਰ. ਇੰਜ. ਪ੍ਰੀਤਮ ਸਿੰਘ ਹਾਂਸ, ਜਿਨ੍ਹਾਂ ਨੇ ਮੈਨੂੰ 1958 ਈ: ਵਿਚ ਖ੍ਵਾਜਾ ਦਿਲ ਮੁਹੰਮਦ ਸਾਹਿਬ ਦੀ ਪੁਸਤਕ — 'ਜਪੁ ਜੀ ਅਤੇ ਸੁਖਮਨੀ ਸਾਹਿਬ' ਤੋਹਫ਼ੇ ਵਜੋਂ ਦਿੱਤੀ ਸੀ।

# ਤਤਕਰਾ


| | | |
|---|---|---|
| ਮੁੱਖ ਬੰਦ | | 5 |
| ਭੂਮਿਕਾ | | 7 |
| ਭਾਗ–I: | ਦਿਲ ਮੁਹੰਮਦ ਸਾਹਿਬ ਦੇ ਮਾਧਿਅਮ ਰਾਹੀਂ 'ਗੁਰਬਾਣੀ' ਦੀ ਨਕਲ ਕਰਕੇ ਲਿਖੀ 'ਅਵਤਾਰ ਬਾਣੀ' | 10 |
| ਭਾਗ–II: | ਭਾਈ ਅਵਤਾਰ ਸਿੰਘ ਦੇ ਨਾਂ 'ਤੇ ਲਿਖੀ 'ਬਾਣੀ' ਦੇ ਚੋਣਵੇਂ ਅੰਸ਼: | 40 |
| ਭਾਗ–III: | 'ਬਾਣੀ ਜਗਤ ਮਾਤਾ' ਅਤੇ 'ਬਾਣੀ ਰਾਜ ਮਾਤਾ' ਦੇ ਚੋਣਵੇਂ ਅੰਸ਼: | 42 |
| ਭਾਗ–IV: | ਕੁਝ 'ਸੰਤਾਂ' ਦੇ ਨਾਂ 'ਤੇ ਲਿਖੀ 'ਬਾਣੀ' ਦੇ ਚੋਣਵੇਂ ਅੰਸ਼: | 44 |
| ਭਾਗ–V: | ਸਾਰਾਂਸ਼ | 46 |


• • •

# ਮੁੱਖ ਬੰਦ

ਇਨਸਾਨ ਵਿੱਚ ਅਮੀਰ ਹੋਣ ਦੀ, ਵੱਡਾ ਹੋਣ ਦੀ ਅਤੇ ਰਾਜਨੀਤੀਵੇਤਾ ਜਾਂ ਧਾਰਮਕ ਆਗੂ ਹੋਣ ਦੀ ਲਾਲਸਾ ਬਹੁਤ ਪ੍ਰਬਲ ਹੈ। ਇਸਨੂੰ ਤ੍ਰਿਸ਼ਨਾ ਵੀ ਆਖਿਆ ਗਿਆ ਹੈ। ਗੁਰੂ ਅਮਰਦਾਸ ਜੀ ਅਨੰਦ ਸਾਹਿਬ ਵਿਚ ਫਰਮਾਉਂਦੇ ਹਨ:-

**ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥**
**ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥**

ਗੁਰੂ ਹਰਿਕ੍ਰਿਸ਼ਨ ਸਾਹਿਬ ਜਦੋਂ ਜੋਤੀ-ਜੋਤ ਸਮਾਏ ਤਾਂ ਉਹ ਗੁਰ-ਗੱਦੀ ਕਿਸੇ ਨੂੰ ਸੌਂਪ ਕੇ ਨਾ ਗਏ ਅਤੇ ਸਿਰਫ "ਬਾਬਾ ਬਕਾਲੇ" ਹੀ ਕਹਿ ਗਏ। ਭਾਈ ਮੱਖਣ ਸ਼ਾਹ ਲੁਬਾਨਾ ਜਦੋਂ ਬਾਬਾ ਬਕਾਲਾ ਪੁੱਜਾ ਤਾਂ 22 ਮੰਜੀਆਂ ਸਥਾਪਿਤ ਹੋਈਆ ਵੇਖੀਆਂ। ਅਰਥਾਤ, 22 ਗੁਰੂ ਬਣੇ ਬੈਠੇ ਡਿੱਠੇ, ਜਿਵੇਂ ਗੁਰੂਆਂ ਦੀ ਮੰਡੀ ਲੱਗੀ ਹੋਈ ਹੋਵੇ।

ਕੁਝ ਇਨਸਾਨ ਤਾਂ ਅਕਾਲ ਪੁਰਖ ਵੱਲੋਂ ਵਰੋਸਾਏ ਹੋਏ ਇਸ ਸੰਸਾਰ ਵਿੱਚ ਆਏ। ਉਨ੍ਹਾਂ ਨੇ ਆਪਾ ਵਾਰ ਕੇ ਵੀ ਮਨੁੱਖਤਾ ਦਾ ਭਲਾ ਕੀਤਾ, ਜੀਵਨ ਜਾਚ ਸਿਖਾਉਣ ਲਈ ਬਾਣੀ ਉਚਾਰੀ ਅਤੇ ਗ੍ਰੰਥ ਰਚੇ। ਪਰ ਕਈ ਆਗੂ ਹੋਣ ਦੀ ਲਾਲਸਾ ਦੇ ਅਧੀਨ ਹੀ ਗੁਰੂ ਬਣ ਬੈਠਦੇ ਹਨ। ਫਿਰ ਉਨ੍ਹਾਂ ਨੂੰ ਆਪਣੇ-ਆਪ ਨੂੰ ਸਥਾਪਤ ਕਰਨ ਲਈ ਬਾਣੀ ਵੀ ਚਾਹੀਦੀ ਹੈ ਅਤੇ ਗ੍ਰੰਥ ਵੀ। ਵੱਖ-ਵੱਖ ਸੰਪਰਦਾਵਾਂ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਉਨ੍ਹਾਂ ਕੋਲ ਵੀ ਕੋਈ ਗ੍ਰੰਥ ਹੋਵੇ। 'ਸੰਤ ਨਿਰੰਕਾਰੀ' ਸੰਪਰਦਾ ਦਾ ਵੀ ਇਕ ਗ੍ਰੰਥ ਹੈ ਜਿਸਨੂੰ 'ਅਵਤਾਰ ਬਾਣੀ' ਕਿਹਾ ਜਾਂਦਾ ਹੈ। ਮੈਂ ਆਪ ਤਾਂ ਇਹ ਗ੍ਰੰਥ ਨਹੀਂ ਪੜ੍ਹਿਆ ਪਰ ਸ੍. ਮੁਖਤਾਰ ਸਿੰਘ ਗੁਰਾਇਆ ਜੀ ਰੀਟਾਇਰਡ ਡਿਵੀਜ਼ਨਲ ਟਾਊਨ ਪਲੈਨਰ ਜੋ ਪਿੰਗਲਵਾੜਾ ਸੰਸਥਾ ਵਿਚ ਆਨਰੇਰੀ ਸਕੱਤਰ ਅਤੇ ਆਨਰੇਰੀ ਆਰਕੀਟੈਕ੍ਟ ਤੇ ਟਾਊਨ ਪਲੈਨਰ ਵਜੋਂ ਕੰਮ ਕਰਦੇ ਹਨ, ਇਸ ਦੀ ਡੂੰਘਾਈ ਵਿਚ ਗਏ ਹਨ। ਖ੍ਵਾਜਾ ਦਿਲ ਮੁਹੰਮਦ ਸਾਹਿਬ ਦਾ 'ਜਪੁਜੀ ਅਤੇ ਸੁਖਮਨੀ ਸਾਹਿਬ' ਦਾ ਉਰਦੂ ਨਜ਼ਮ ਵਿਚ ਕੀਤਾ ਟੀਕਾ ਮੈਂ ਜਰੂਰ ਪੜ੍ਹਿਆ ਹੈ, ਜਿਸ ਤੋਂ ਸਾਫ਼ ਦਿਸ ਪੈਂਦਾ ਹੈ ਕਿ ਇਸ ਉਰਦੂ ਦੇ ਟੀਕੇ ਨੂੰ ਪੰਜਾਬੀ ਰੂਪ ਦੇ ਕੇ ਕਿਧਰੇ-ਕਿਧਰੇ 'ਅਵਤਾਰ ਬਾਣੀ' ਵਿੱਚ ਸ਼ਾਮਿਲ ਕਰਕੇ ਭਾਈ ਅਵਤਾਰ ਸਿੰਘ ਨੇ ਉਸ ਨਾਲ ਆਪਣਾ ਨਾਂ ਜੋੜ ਦਿੱਤਾ ਹੋਇਆ ਹੈ ਜੋ ਕਿ, ਘੱਟ-ਤੋਂ-ਘੱਟ, ਅਨੈਤਿਕ ਹੈ।

ਸ੍ਰ. ਮੁਖਤਾਰ ਸਿੰਘ ਗੁਰਾਇਆ ਜੋ ਕਿ ਮੇਰੇ ਵੱਡੇ ਵੀਰ ਸਮਾਨ ਹਨ ਨੇ ਇਹ ਖੋਜ ਕਰਕੇ ਸਚਾਈ ਸੰਗਤਾਂ ਦੇ ਸਾਹਮਣੇ ਪੇਸ਼ ਕੀਤੀ ਹੈ ਜੋ ਕਿ ਆਪਣੀ ਕਿਸਮ ਦਾ ਸ਼ਾਇਦ ਪਹਿਲਾ ਅਤੇ ਸ਼ਲਾਘਾਯੋਗ ਉੱਦਮ ਹੈ । ਕਿਸੇ ਉਰਦੂ ਸ਼ਾਇਰ ਨੇ ਠੀਕ ਹੀ ਕਿਹਾ ਹੈ:-

**"ਸਚਾਈ ਛੁੱਪ ਨਹੀਂ ਸਕਤੀ ਬਨਾਵਟ ਕੇ ਅਸੂਲੋਂ ਸੇ,**
**ਕਿ ਖੁਸ਼ਬੂ ਆ ਨਹੀਂ ਸਕਤੀ ਕਭੀ ਕਾਗ਼ਜ਼ ਕੇ ਫੂਲੋਂ ਸੇ।**

ਪਿੰਗਲਵਾੜਾ ਸੰਸਥਾ ਇਹ ਖੋਜ-ਸਮਗਰੀ ਛਾਪਣ ਵਿੱਚ ਮਾਣ ਮਹਿਸੂਸ ਕਰਦੀ ਹੈ ।

*ਡਾ.ਇੰਦਰਜੀਤ ਕੌਰ, ਪ੍ਰਧਾਨ,*
*ਪਿੰਗਲਵਾੜਾ ਅੰਮ੍ਰਿਤਸਰ*

# ਭੂਮਿਕਾ

*ਸੰਨ 1925 ਈ. ਦੀ ਗੱਲ ਹੈ ਕਿ ਇਕ ਭਾਈ ਬੂਟਾ ਸਿੰਘ, ਨਿਰੰਕਾਰੀ ਦਰਬਾਰ ਰਾਵਲਪਿੰਡੀ ਵਿਖੇ, ਗੁਰਬਾਣੀ ਦੀ ਕਥਾ ਕਰਦਾ ਹੁੰਦਾ ਸੀ । ਕਿਸੇ ਕੁਕਰਮ ਦੇ ਪ੍ਰਗਟ ਹੋ ਜਾਣ ਉਪਰੰਤ, ਸੰਗਤਾਂ ਦੇ ਵਿਰੋਧ ਕਾਰਣ, ਉਸਨੂੰ ਉਥੇ ਕਥਾ ਕਰਨ ਤੋਂ ਹਟਣਾ ਪਿਆ । ਪਰ, ਉਸਨੇ ਆਪਣੀ ਦੁਕਾਨ ਖੋਲ੍ਹ ਲਈ । ਸਭ ਕਿਸਮ ਦੇ ਸਿੱਖੀ ਦੇ ਜ਼ਾਬਤੇ ਤੋਂ ਆਜ਼ਾਦ ਰਹਿਣ ਵਾਲੇ ਲੋਕ ਇਸਦੇ ਪਿੱਛੇ ਲਗ ਤੁਰੇ । ਇਸ ਤੋਂ ਪਿੱਛੋਂ, ਇਸਦਾ ਲੜਕਾ ਭਾਈ ਅਵਤਾਰ ਸਿੰਘ ਜੋ ਰਾਵਲਪਿੰਡੀ ਵਿਖੇ ਹੀ ਬੇਕਰੀ ਦੀ ਦੁਕਾਨ ਕਰਦਾ ਸੀ, ਇਸਦਾ ਉੱਤਰਾਧਿਕਾਰੀ ਬਣਕੇ ਆਪਣੇ ਵੱਖਰੇ 'ਸੰਤ ਨਿਰੰਕਾਰੀ ਮੰਡਲ' ਦਾ ਮੁਖੀ ਬਣ ਗਿਆ । ਜਦੋਂ ਪਾਕਿਸਤਾਨ ਬਣਿਆ ਤੇ ਇਹ ਦਿੱਲੀ ਆ ਗਿਆ ਅਤੇ ਗੁਰਬਾਣੀ ਦੀ ਕਥਾ ਦਾ ਕੰਮ ਜਾਰੀ ਰੱਖਿਆ । ਰਾਵਲਪਿੰਡੀ ਤੋਂ ਜਿਹੜੇ ਲੋਕ ਇਸ ਨਾਲ ਜੁੜੇ ਸਨ ਅਤੇ ਦੇਖਾ-ਦੇਖੀ ਕੁਝ ਹੋਰ ਵੀ, ਇਸ ਨਾਲ ਆਣ ਜੁੜੇ । ਦੁਕਾਨ ਖੂਬ ਚਲ ਪਈ ਤਾਂ ਇਸ ਬਾਬੇ ਨੂੰ ਗੁਰੂ ਬਣ ਜਾਣ ਦਾ ਭਰਮ ਹੋ ਗਿਆ ਅਤੇ ਆਪਣੀ 'ਬਾਣੀ' ਵੀ ਤਿਆਰ ਕਰ-ਕਰਾ ਲਈ ਜਿਸਦਾ ਨਾਂ 'ਅਵਤਾਰ ਬਾਣੀ' ਰੱਖਿਆ ਗਿਆ ।

ਇਸਤੋਂ ਪਿੱਛੋਂ ਇਸਦਾ ਪੁੱਤਰ ਭਾਈ ਗੁਰਬਚਨ ਸਿੰਘ 'ਸੰਤ ਨਿਰੰਕਾਰੀ ਮੰਡਲ' ਦਾ ਗੁਰੂ ਬਣਿਆ ਜੋ ਆਪਣੇ-ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਵੀ ਵੱਡਾ ਗੁਰੂ ਆਖਣ ਲੱਗ ਪਿਆ । 1978 ਈ. ਦੀ ਵਿਸਾਖੀ ਵਾਲੇ ਦਿਨ ਉਸਨੇ ਅੰਮ੍ਰਿਤਸਰ (ਸਿੱਖੀ ਦੇ ਸਭ ਤੋਂ ਵੱਡੇ ਕੇਂਦਰ) ਵਿਖੇ ਖੁੱਲ੍ਹਾ ਐਲਾਨ ਕਰ ਦਿੱਤਾ ਕਿ ਮੇਰੇ ਸੱਤ ਸਿਤਾਰੇ ਹਨ ਅਤੇ ਐਡੀ ਵੱਡੀ ਸੰਗਤ ਹੈ, ਮੈਂ ਗੁਰੂ ਗੋਬਿੰਦ ਸਿੰਘ ਤੋਂ ਵੀ ਵੱਡਾ ਹਾਂ । ਇਸਦਾ ਪ੍ਰਤੀਕਰਮ ਹੋਇਆ, ਸਿੰਘਾਂ ਨਾਲ ਟਕਰਾਅ ਹੋਇਆ। 13 ਸਿੰਘ ਸ਼ਹੀਦ ਹੋ ਗਏ ਅਤੇ 150 ਜ਼ਖਮੀ । ਅਖੌਤੀ ਗੁਰੂ ਨੇ ਲੁਕ-ਲੁਕਾ ਕੇ ਜਾਨ ਬਚਾਈ ਪਰ ਬਹੁਤੀ ਦੇਰ ਜ਼ਿੰਦਾ ਨਾ ਰਹਿ ਸਕਿਆ।

ਇਸ ਤੋਂ ਮਗਰੋਂ ਉਸਦਾ ਪੁੱਤਰ ਭਾਈ ਹਰਦੇਵ ਸਿੰਘ ਮੁਖੀ ਬਣਿਆ ਹੈ ਪਰ ਵੱਡਾ ਗੁਰੂ ਬਣਕੇ ਸਿੱਖੀ ਨੂੰ ਵੰਗਾਰਨ ਦਾ ਭਰਮ ਦੂਰ ਹੋ ਗਿਆ ਹੈ।

ਅੰਮ੍ਰਿਤਸਰ ਦੀ ਵਿਸਾਖੀ, 1978 ਈ. ਦਾ ਦੁਖਾਂਤ ਚਰਚਾ ਦਾ ਵਿਸ਼ਾ ਬਣਨਾ ਹੀ ਸੀ । ਮੈਨੂੰ ਵੀ ਇਸ ਸੰਪਰਦਾ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਉਤਸੁੱਕਤਾ ਹੋਈ । ਕਿਸੇ ਵਸੀਲੇ ਤੋਂ 'ਅਵਤਾਰ ਬਾਣੀ' ਪ੍ਰਾਪਤ ਕਰਕੇ ਪੜ੍ਹੀ ਅਤੇ ਇੰਜ ਮਹਿਸੂਸ ਹੋਇਆ ਕਿ ਕਿਤੇ-ਕਿਤੇ ਤਾਂ ਬੜੀ ਹਲਕੀ-ਫੁਲਕੀ, ਡੀਂਗ-ਮਾਰ ਅਤੇ ਹਾਸੋ-ਹੀਣੀ ਜਿਹੀ ਤੁਕ-ਬੰਦੀ ਹੈ ਪ੍ਰੰਤੂ, ਕਿਤੇ-ਕਿਤੇ

* ਗੁਰਮਤਿ ਪ੍ਰਕਾਸ਼ (ਅਕਤੂਬਰ, 2007), S.G.P.C. ਅੰਮ੍ਰਿਤਸਰ ।

ਬੜੇ ਸੁਘੜ, ਪ੍ਰਪੱਕ ਅਤੇ ਸਿਖਿਆ-ਦਾਇਕ ਵਿਚਾਰ ਹਨ ।

ਕਿਉਂਕਿ ਮੈਂ ਖਾਨ ਬਹਾਦਰ ਖ੍ਵਾਜਾ ਦਿਲ ਮੁਹਮੰਦ, ਸਾਬਕਾ ਪ੍ਰਿੰਸੀਪਲ ਇਸਲਾਮੀਆ ਕਾਲਿਜ ਲਾਹੌਰ, ਦਾ 'ਜਪੁ ਜੀ ਅਤੇ ਸੁਖਮਨੀ ਸਾਹਿਬ' ਦਾ ਉਰਦੂ ਨਜ਼ਮ (ਕਵਿਤਾ) ਵਿਚ ਕੀਤਾ ਤਰਜਮਾਹ (ਅਨੁਵਾਦ) ਪੜ੍ਹਿਆ ਹੋਇਆ ਸੀ, ਮੈਨੂੰ ਇੰਜ ਮਹਿਸੂਸ ਹੋਇਆ ਜਿਵੇਂ 'ਅਵਤਾਰ ਬਾਣੀ' ਦੇ ਕੁਝ ਅੰਸ਼ ਇਸ ਉਲਥੇ ਨਾਲ ਮੇਲ ਖਾਂਦੇ ਹਨ। ਜਦੋਂ ਗਹੁ ਨਾਲ ਪੜ੍ਹਿਆ ਤਾਂ ਮੇਰਾ ਸ਼ੱਕ ਯਕੀਨ ਵਿਚ ਬਦਲ ਗਿਆ । ਫਿਰ ਬਾਕਾਇਦਾ ਖੋਜ ਕੀਤੀ, ਤਾਂ ਕਾਫੀ ਹੱਦ ਤੱਕ, ਹੂ-ਬ-ਹੂ ਮਿਲਦੀਆਂ ਸਤਰਾਂ ਅਤੇ ਪਦੇ ਲੱਭਣ ਵਿਚ ਸਫ਼ਲਤਾ ਪ੍ਰਾਪਤ ਹੋਈ । ਪ੍ਰੰਤੂ, ਇਹ ਸਾਰਾ ਕੁਝ (1978 ਈ. ਤੋਂ ਹੁਣ ਤੱਕ) ਅੱਧਾ-ਅਧੂਰਾ ਜਿਉਂ-ਦਾ-ਤਿਉਂ ਪਿਆ ਰਿਹਾ । ਸਰਕਾਰੀ ਨੌਕਰੀ ਤੋਂ ਸੇਵਾ-ਮੁਕਤ ਹੋਣ ਉਪ੍ਰੰਤ ਵੀ ਕੁਝ ਨਿੱਜੀ ਅਤੇ ਕੁਝ ਪਿੰਗਲਵਾੜਾ (ਬਾਨੀ: ਭਗਤ ਪੂਰਨ ਸਿੰਘ) ਦੇ ਰੁਝੇਵਿਆਂ ਵਿਚ ਐਸੇ ਉਲਝੇ ਕਿ ਇਸ ਪਾਸੇ ਦਾ ਚੇਤਾ ਹੀ ਭੁੱਲਿਆ ਰਿਹਾ ।

ਥੋੜਾ ਸਮਾਂ ਪਹਿਲਾਂ, ਵੱਡੇ ਵੀਰ ਸ. ਗੁਰਚਰਨ ਸਿੰਘ ਬੋਪਾਰਾਏ ਨਾਲ ਇਸ ਵਿਸ਼ੇ 'ਤੇ ਗੱਲ ਹੋਈ ਤਾਂ ਉਨ੍ਹਾਂ ਉਤਸ਼ਾਹ ਦਿੱਤਾ ਕਿ ਇਸ ਵਿਸ਼ੇ ਉੱਤੇ ਕੁਮੈਂਟ੍ਰੀ (ਟਿਪਣੀ) ਲਿਖਣੀ ਚਾਹੀਦੀ ਹੈ ਤਾਂ ਜੋ ਸੱਚਾਈ ਸਭ ਦੇ ਸਾਮ੍ਹਣੇ ਲਿਆਂਦੀ ਜਾ ਸਕੇ । ਸੋ, ਜੋ ਕੁਝ ਵੀ ਇਸ ਖੋਜ ਤੋਂ ਪ੍ਰਾਪਤ ਹੋਇਆ ਹੈ (ਸ਼ਾਇਦ ਹੋਰ ਵੀ ਖੋਜ ਕਰਨ ਦੀ ਲੋੜ ਹੋਵੇਗੀ) ਉਸਨੂੰ ਕਲਮ-ਬੰਦ ਕਰਨ ਦੀ ਖ਼ੁਸ਼ੀ ਲੈ ਰਹੇ ਹਾਂ ।

ਪਾਠਕ ਜਨ ਦਿਲ ਮੁਹੰਮਦ ਸਾਹਿਬ ਦੀ ਉਰਦੂ ਨਜ਼ਮ (ਗੁਰਬਾਣੀ ਦਾ ਉਲਥਾ) ਦੀ 'ਅਵਤਾਰ ਬਾਣੀ' ਨਾਲ ਕੀਤੀ ਤੁਲਨਾ ਪੜ੍ਹਨ ਉਪ੍ਰੰਤ ਭਲੀ-ਭਾਂਤ ਜਾਣ ਲੈਣਗੇ ਕਿ ਕਿਵੇਂ ਉਰਦੂ ਨਜ਼ਮ ਨੂੰ ਪੰਜਾਬੀ ਰੂਪ ਦੇ ਕੇ, ਉਸਦੀ ਸ਼ਬਦਾਵਲੀ ਅਤੇ ਵਿਚਾਰਾਂ ਦੀ ਹੂ-ਬ-ਹੂ ਨਕਲ (Plagiarising) ਕਰਕੇ 'ਅਵਤਾਰ ਬਾਣੀ' ਦਾ ਹਿੱਸਾ ਬਣਾਇਆ ਗਿਆ ਹੈ ।

ਇੰਜ ਜਾਪਦਾ ਹੈ ਕਿ ਇਹ ਕੰਮ ਕੀਤਾ ਵੀ ਇੰਨੀ ਕਾਹਲੀ ਨਾਲ ਹੈ ਕਿ 'ਅਵਤਾਰ ਬਾਣੀ' ਦਾ ਕੋਈ ਪਦਾ ਅੱਠ ਸੱਤਰਾਂ ਦਾ ਹੈ, ਕੋਈ ਦਸ ਦਾ, ਕੋਈ ਬਾਰਾਂ ਦਾ ਅਤੇ ਕੋਈ ਛੇ ਸੱਤਰਾਂ ਦਾ ਹੀ ਬਣ ਸਕਿਆ ਹੈ; ਉਧਾਰਨ ਵਜੋਂ ਕਰਮਵਾਰ ਵੇਖੋ ਪਦਾ ਨੰ: 50, 51, 47, 48, ਇਤਿਆਦਿ ।

ਸਾਰੀ ਲਿਖਤ ਨੂੰ ਪੰਜ ਭਾਗਾਂ ਵਿਚ ਵੰਡਿਆ ਗਿਆ ਹੈ :-

**ਭਾਗ:I:** ਇਸ ਭਾਗ ਵਿਚ ਇਕ ਪੰਨੇ ਉੱਤੇ 'ਜਪੁ ਜੀ' ਅਤੇ 'ਸੁਖਮਨੀ ਸਾਹਿਬ' ਵਿਚੋਂ ਮੂਲ ਬਾਣੀ ਅਤੇ ਇਸ ਦੇ ਸਾਹਮਣੇ ਦਿਲ ਮੁਹੰਮਦ ਸਾਹਿਬ ਵੱਲੋਂ ਆਸਾਨ ਉਰਦੂ ਨਜ਼ਮ (ਕਵਿਤਾ) ਵਿਚ ਕੀਤਾ ਗੁਰਬਾਣੀ ਦਾ ਤਰਜਮਾਹ (ਅਨੁਵਾਦ) ਦਿੱਤਾ ਗਿਆ ਹੈ ਅਤੇ ਸਾਹਮਣੇ ਪੰਨੇ ਉੱਤੇ ਉਰਦੂ ਨਜ਼ਮ ਦਾ ਪੰਜਾਬੀ ਰੂਪ ਜਿਸ ਨੂੰ 'ਅਵਤਾਰ ਬਾਣੀ' ਵਿਚ ਸ਼ਾਮਿਲ ਕੀਤਾ ਗਿਆ ਹੈ ।

ਇਸ ਤਰ੍ਹਾਂ ਕਰਨ ਨਾਲ ਦਿਲ ਮੁਹੰਮਦ ਸਾਹਿਬ ਦੀ ਉਰਦੂ ਨਜ਼ਮ ਦੀਆਂ ਸੱਤਰਾਂ ਦੀ ਇਨ੍ਹਾਂ ਦੇ ਪੰਜਾਬੀ ਰੂਪ ਨਾਲ ਤੁਲਨਾ ਕਰਨਾ ਆਸਾਨ ਹੋ ਗਿਆ ਹੈ ।

**ਭਾਗ:II:** ਭਾਈ ਅਵਤਾਰ ਸਿੰਘ ਦੇ ਨਾਂ 'ਤੇ ਲਿਖੀ 'ਬਾਣੀ' ਦੇ ਚੋਣਵੇਂ ਅੰਸ਼ ।

**ਭਾਗ:III:** 'ਜਗਤ ਮਾਤਾ' ਅਤੇ 'ਰਾਜ ਮਾਤਾ' ਦੇ ਨਾਵਾਂ 'ਤੇ ਲਿਖੀ 'ਬਾਣੀ' ਦੇ ਚੋਣਵੇਂ ਅੰਸ਼ ।

**ਭਾਗ:IV:** 'ਸੰਤ ਬਾਣੀ' ਦੇ ਚੋਣਵੇਂ ਅੰਸ਼ ।

**ਭਾਗ:V:** ਸਾਰਾਂਸ਼ ।

ਇਸ ਸੰਖੇਪ ਜਿਹੀ ਖੋਜ ਤੋਂ ਚੰਗੇ ਪਾਠਕ ਆਪ ਹੀ ਅੰਦਾਜ਼ਾ ਲਗਾ ਲੈਣਗੇ ਕਿ ਉਕਤ ਦੱਸੇ ਉਰਦੂ ਨਜ਼ਮ ਦੇ ਪੰਜਾਬੀ ਰੂਪ ਤੋਂ ਇਲਾਵਾ ਜੋ ਹੋਰ ਸਮਗਰੀ 'ਅਵਤਾਰ ਬਾਣੀ' ਵਿਚ ਸ਼ਾਮਿਲ ਹੈ, ਉਸਦੀ ਸਾਹਿਤਕ ਗੁਣਵੱਤਾ ਕਿਸ ਪੱਧਰ ਦੀ ਹੈ । ਦੂਸਰੇ, 'ਸੰਤ ਨਿਰੰਕਾਰੀ' ਸੰਪਰਦਾ ਨੇ ਦਿਲ ਮੁਹੰਮਦ ਸਾਹਿਬ ਦੇ ਮਾਧਿਅਮ ਰਾਹੀਂ ਗੁਰਬਾਣੀ ਦੀ ਨਕਲ ਕਰਨ ਦਾ ਜੋ ਕਾਰਾ ਕੀਤਾ ਹੈ ਉਹ ਅਨੈਤਿਕ ਵੀ ਹੈ ਅਤੇ ਗੈਰ-ਕਾਨੂੰਨੀ ਵੀ ।

ਮੈਂ ਡਾ. ਇੰਦਰਜੀਤ ਕੌਰ, ਪ੍ਰਧਾਨ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.) ਅੰਮ੍ਰਿਤਸਰ ਦਾ ਅਤੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਛੋਟੀ ਜਿਹੀ ਖੋਜ-ਸਮਗਰੀ ਨੂੰ ਸੰਸਥਾ ਵੱਲੋਂ ਛਾਪਣ ਦਾ ਫੈਸਲਾ ਲਿਆ ਹੈ ।

*—ਮੁਖਤਾਰ ਸਿੰਘ ਗੁਰਾਇਆ*

# ਭਾਗ : I: ਦਿਲ ਮੁਹੰਮਦ ਸਾਹਿਬ ਦੇ ਮਾਧਿਅਮ ਰਾਹੀਂ 'ਗੁਰਬਾਣੀ' ਦੀ ਨਕਲ ਕਰਕੇ ਲਿਖੀ 'ਅਵਤਾਰ ਬਾਣੀ'

| ਜਪੁ ਜੀ ਸਾਹਿਬ ਦੀ ਮੂਲ ਬਾਣੀ | ਖ੍ਵਾਜਾ ਦਿਲ ਮੁਹਮੰਦ ਦੁਆਰਾ ਅਨੁਵਾਦ (ਉਰਦੂ ਨਜ਼ਮ) |
|---|---|
| ਮੂਲ ਮੰਤਰ: | ਮੂਲ ਮੰਤਰ: |
| ੴ ਸਤਿਨਾਮੁ ਕਰਤਾ ਪੁਰਖੁ | ਇਕ ਓਂਕਾਰ ਖੁਦਾ ਹੈ ਵਾਹਿਦ ਸਚਾ ਜਿਸਕਾ ਨਾਮ। |
| ਨਿਰਭਉ ਨਿਰਵੈਰੁ ਅਕਾਲ ਮੂਰਤਿ | ਕਰਤਾ ਧਰਤਾ ਦੁਨੀਆ ਕਾ, ਬੇ-ਡਰ ਬੇ-ਲਾਗ ਮੁਦਾਮ। |
| ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥ | ਮੌਤ ਸੇ ਬਾਲਾ ਪਾਕ ਜਨਮ ਸੇ, ਕਾਇਮ ਆਪਨੇ ਆਪ। |
| ਆਦਿ ਸਚੁ ਜੁਗਾਦਿ ਸਚੁ ॥ | ਅਪਨੇ ਗੁਰ ਕੀ ਰਹਿਮਤ ਸੇ ਤੂ ਨਾਮ ਉਸੀ ਕਾ ਜਾਪ। |
| ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ | ਸੱਚਾ ਰੋਜ਼ੇ-ਅਜ਼ਲ ਸੇ ਪਹਿਲੇ, ਸੱਚਾ ਰੋਜ਼ੇ-ਅਜ਼ਲ ਭੀ ਵੁਹ। |
| | ਸੱਚਾ ਹੈ ਵੁਹ ਆਜ ਭੀ ਨਾਨਕ, ਸੱਚਾ ਹੋਗਾ ਕੱਲ ਭੀ ਵੁਹ। |
| ਪਉੜੀ :24 ਵਿਚੋਂ : | ਪਉੜੀ :24 ਵਿਚੋਂ : |
| ਅੰਤੁ ਨ ਕਰਣੈ ਦੇਣਿ ਨ ਅੰਤੁ ॥ ...... | ਅੰਤ ਨਹੀਂ ਕੁਛ ਕੁਦਰਤ ਕਾ ਕੁਛ ਤੇਰੀ ਅਤਾ ਕਾ ਅੰਤ ਨਹੀਂ। |
| ਅੰਤੁ ਨ ਜਾਪੈ ਪਾਰਾਵਾਰੁ ॥ | ਪਾਰ ਕਾ ਤੇਰੇ ਅੰਤ ਨਹੀਂ ਔਰ ਵਾਰ ਕਾ ਤੇਰੇ ਅੰਤ ਨਹੀਂ। |
| ਪਉੜੀ :19 ਵਿਚੋਂ : | ਪਉੜੀ :19 ਵਿਚੋਂ : |
| ਅਸੰਖ ਨਾਵ ਅਸੰਖ ਥਾਵ ॥ | ਸੰਖੋਂ ਤੇਰੇ ਨਾਮ ਭੀ ਹੈ ਔਰ ਸੰਖੋਂ ਹੀ ਅਸਥਾਨ ਭੀ ਹੈਂ। |
| ਅਗੰਮ ਅਗੰਮ ਅਸੰਖ ਲੋਅ ॥ | ਜਿਨ ਤਕ ਜਾਨਾ ਨਾ ਮੁਮਕਿਨ ਹੈ, ਸੰਖੋਂ ਔਰ ਜਹਾਨ ਭੀ ਹੈ। |
| ਪਉੜੀ :16 ਵਿਚੋਂ : | ਪਉੜੀ :16 ਵਿਚੋਂ : |
| ਧਰਤੀ ਹੋਰੁ ਪਰੈ ਹੋਰੁ ਹੋਰੁ ॥ | ਦੂਰ ਜ਼ਮੀਨ ਸੇ ਔਰ ਜ਼ਮੀਨੇ, ਉਨਕੇ ਆਗੇ ਔਰ ਜਹਾਂ। |
| ਪਉੜੀ :24 ਵਿਚੋਂ : | ਪਉੜੀ :24 ਵਿਚੋਂ : |
| ਵਡਾ ਸਾਹਿਬੁ ਊਚਾ ਥਾਉ ॥ | ਜਾਨੇ ਕੌਨ ਬੜਾਈ ਤੇਰੀ ਊਂਚਾ ਪਾਕ ਮਕਾਮ ਤਿਰਾ। |
| ਊਚੇ ਉਪਰਿ ਊਚਾ ਨਾਉ ॥ | ਊਂਚੋ ਕੇ ਭੀ ਊਂਚੋ ਸੇ ਹੈ ਊਂਚਾ ਜਾ ਰਬ ਨਾਮ ਤਿਰਾ। |
| ਏਵਡੁ ਊਚਾ ਹੋਵੈ ਕੋਇ ॥ | ਇਤਨਾ ਊਂਚਾ ਕੌਨ ਭਲਾ ਜੋ ਉਸ ਊਂਚੇ ਕੋ ਜਾਨੇਗਾ। |
| ਤਿਸੁ ਊਚੇ ਕਉ ਜਾਣੈ ਸੋਇ ॥ | ਸਬ ਊਂਚੋ ਸੇ ਊਂਚਾ ਹੋ ਜਬ ਊਂਚੇ ਕੋ ਪਹਿਚਾਨੇਗਾ। |

## ਅਵਤਾਰ ਬਾਣੀ

ਪਦਾ: 14

ਇਕ ਨਿਰੰਕਾਰ ਪ੍ਰਭੂ ਹੈ ਇਕੋ ਸੱਚਾ ਕੇਵਲ ਜਿਸਦਾ ਨਾਂ।
ਕਰਤਾ ਧਰਤਾ ਜੋ ਹਰ ਸ਼ੈ ਦਾ ਜਿਹਨੇ ਰਚਿਆ ਕੁਲ ਜਹਾਂ।
ਮੌਤ ਦਾ ਹਾਕਮ ਪਾਕ ਜਨਮ ਤੋਂ ਕਾਇਮ ਹੈ ਜੋ ਆਪੇ ਆਪ।
ਪੂਰੇ ਗੁਰ ਤੋਂ ਰਹਿਮਤ ਮੰਗ ਕੇ ਏਸੇ ਦਾ ਤੂ ਕਰ ਲੈ ਜਾਪ।
ਸੱਚਾ ਸੁੱਚਾ ਧੁਰ ਤੋਂ ਜਿਹੜਾ ਕਾਇਮ ਆਖਿਰ ਅੱਵਲ ਇਹ।
ਕਹੇ ਅਵਤਾਰ ਇਹ ਇਕੋ ਸੱਚਾ ਹੈ ਵੀ ਹੋਸੀ ਵੀ ਕਲ ਇਹ।

ਪਦਾ: 15

ਅੰਤ ਨਹੀਂ ਇਹਦੀ ਕੁਦਰਤ ਦਾ ਵਿਸਥਾਰ ਦੇ ਇਹਦੇ ਅੰਤ ਨਹੀਂ।
ਪਾਰ ਦਾ ਇਹਦੇ ਅੰਤ ਕੋਈ ਨਹੀਂ ਆਰ ਦਾ ਇਹਦੇ ਅੰਤ ਨਹੀਂ।

ਸੰਖ ਕਰੋੜਾਂ ਨਾਮ ਨੇ ਇਹਦੇ ਸੰਖਾਂ ਹੀ ਅਸਥਾਨ ਵੀ ਨੇ।
ਅਕਲਾਂ ਜਿੱਥੇ ਪਹੁੰਚ ਨਾ ਸਕਣ ਸੰਖਾਂ ਹੋਰ ਜਹਾਨ ਵੀ ਨੇ।

ਇਸ ਧਰਤੀ ਤੋਂ ਥੱਲੇ ਧਰਤੀ ਇਸ ਤੋਂ ਅੱਗੇ ਹੋਰ ਜਹਾਂ।
ਕਹੇ ਅਵਤਾਰ ਸੁਣੋਂ ਰੇ ਲੋਗੋ ਪੂਰੇ ਗੁਰ ਤੋਂ ਸਮਝੋ ਨਾਂ।

ਪਦਾ: 16 ਵਿਚੋਂ :

......ਉੱਚਾ ਉੱਚਾ ਸਭ ਤੋਂ ਉੱਚਾ, ਉੱਚਾ ਪਾਕ ਮੁਕਾਮ ਤੇਰਾ।
ਸੱਚਾ ਸੁੱਚਾ ਬਿਲਕੁਲ ਸੁੱਚਾ, ਸੁੱਚਾ ਏ ਇਕ ਨਾਮ ਤੇਰਾ।
ਨੀਂਵਾ ਵੀ ਉਹ ਉੱਚਾ ਹੋ ਜਾਏ ਜੋ ਇਹ ਉੱਚਾ ਜਾਣ ਲਏ।
ਕਹੇ ਅਵਤਾਰ ਗੁਰੂ ਦੀ ਬਖ਼ਸ਼ਿਸ਼ ਜੋ ਇਸ ਨੂੰ ਪਹਿਚਾਣ ਲਵੇ।

| ਜਪੁ ਜੀ ਸਾਹਿਬ ਦੀ ਮੂਲ ਬਾਣੀ | ਖ੍ਵਾਜਾ ਦਿਲ ਮੁਹਮੰਦ ਦੁਆਰਾ ਅਨੁਵਾਦ (ਉਰਦੂ ਨਜ਼ਮ) |
|---|---|
| ਪਉੜੀ :25 ਵਿਚੋਂ : | ਪਉੜੀ :25 ਵਿਚੋਂ : |
| ਆਪੇ ਜਾਣੈ ਆਪੇ ਦੇਇ ॥ | ਆਪ ਹੀ ਸਬ ਕੁਛ ਜਾਨੇ ਦਾਤਾ, ਆਪ ਹੀ ਦੇਤਾ ਰਹਿਤਾ ਹੈ । |
| ਆਖਹਿ ਸਿ ਭਿ ਕੇਈ ਕੇਇ ॥ | ਬਾਤ ਯਿਹ ਆਪਣੇ ਮੂੰਹ ਸੇ ਲੇਕਿਨ ਕੋਈ ਕੋਈ ਕਹਿਤਾ ਹੈ । |
| | |
| ਪਉੜੀ :19 ਵਿਚੋਂ : | ਪਉੜੀ :19 ਵਿਚੋਂ : |
| ਜਿਵ ਫੁਰਮਾਏ ਤਿਵਤਿਵ ਪਾਏ ॥ | ਵੈਸਾ ਵੈਸਾ ਮਿਲਤਾ ਹੈ ਵੁਹ ਜੈਸਾ ਜੈਸਾ ਕਹਿਤਾ ਹੈ । |
| | ਮਿਲਤਾ ਹੈ ਜੋ ਕਹਿਤਾ ਹੈ ਜੋ ਕਹਿਤਾ ਹੈ ਮਿਲ ਰਹਿਤਾ ਹੈ । |
| | |
| ਪਉੜੀ :5 ਵਿਚੋਂ : | ਪਉੜੀ :5 ਵਿਚੋਂ : |
| ਥਾਪਿਆ ਨ ਜਾਏ ਕੀਤਾ ਨ ਹੋਇ ॥ | ਕੌਨ ਕਰੇ ਬੁਤ ਕਾਇਮ ਉਸਕਾ, ਕੌਨ ਬਨਾਨੇ ਵਾਲਾ ਹੈ । |
| ਆਪੇ ਆਪਿ ਨਿਰੰਜਨੁ ਸੋਇ ॥ | ਆਪ ਸੇ ਆਪ ਨਿਰੰਜਨ ਹੈ ਵੁਹ, ਇਸ ਮਾਇਆ ਸੇ ਬਾਲਾ ਹੈ । |
| | |
| ਪਉੜੀ :16 ਵਿਚੋਂ : | ਪਉੜੀ :16 ਵਿਚੋਂ : |
| ਕੁਦਰਤਿ ਕਵਣ ਕਹਾ ਵੀਚਾਰੁ ॥ | ...ਮੁਝ ਮੇਂ ਕਬ ਯਿਹ ਕੁਦਰਤ ਹੈ, ਮੈਂ ਤੇਰਾ ਸੋਚ ਬਿਚਾਰ ਕਰੂੰ। |
| ਵਾਰਿਆ ਨ ਜਾਵਾ ਏਕ ਵਾਰ ॥ | ਮੈਂ ਇਸ ਲਾਇਕ ਕਬ ਹੂੰ ਤੁਝ ਪਰ ਜਾਨ ਫ਼ਿਦਾ ਇਕ ਬਾਰ ਕਰੂੰ । |
| ਜੋ ਤੁਧੁ ਭਾਵੈ ਸਾਈ ਭਲੀ ਕਾਰ ॥ | ਕਾਰ ਵੁਹ ਹੀ ਅੱਛਾ ਹੈ ਜਿਸਕੋ ਸਮਝੇ ਅੱਛਾ ਕਾਰ ਤੂ ਹੀ । |
| ਤੂ ਸਦਾ ਸਲਾਮਤਿ ਨਿਰੰਕਾਰ ॥ | ਤੇਰੀ ਜ਼ਾਤ ਸਲਾਮਤ ਦਾਇਮ ਪਾਕ ਹੈ ਨਿਰੰਕਾਰ ਤੂ ਹੀ । |
| | |
| ਪਉੜੀ :17 ਵਿਚੋਂ : | ਪਉੜੀ :17 ਵਿਚੋਂ : |
| ਅਸੰਖ ਜਪ ਅਸੰਖ ਭਾਉ ॥ | ਸੰਖੋਂ ਹੀ ਜਪ ਕਰਤੇ ਹੈਂ ਔਰ ਸੰਖੋਂ ਇਸ਼ਕ ਮੁੱਹਬਤ ਭੀ । |
| ਅਸੰਖ ਪੂਜਾ ਅਸੰਖ ਤਪਤਾਉ ॥ | ਸੰਖੋਂ ਪੂਜਾ ਕਰਤੇ ਹੈਂ ਔਰ ਸੰਖੋਂ ਲੋਗ ਰਿਆਜ਼ਤ ਭੀ । |
| ਅਸੰਖ ਗਰੰਥ ਮੁਖਿ ਵੇਦ ਪਾਠ ॥ | ਸੰਖੋਂ ਲੋਗ ਗ੍ਰੰਥੋਂ ਔਰ ਵੇਦੋਂ ਕਾ ਪਾਠ ਸੁਨਾਤੇ ਹੈਂ । |
| ਅਸੰਖ ਜੋਗ ਮਨਿ ਰਹਹਿ ਉਦਾਸ ॥ | ਸੰਖੋਂ ਜਿਨ ਕੇ ਮਨ ਮੇਂ ਉਦਾਸੀ ਬਨ ਮੇਂ ਯੋਗ ਕਮਾਤੇ ਹੈਂ । |
| ...ਅਸੰਖ ਮੋਨਿ ਲਿਵ ਲਾਇ ਤਾਰ ॥ | ਸੰਖੋਂ ਚੁਪ ਗੁਪ ਰਹਿ ਰਹਿ ਕਰ ਬਸ ਤੁਝ ਮੇਂ ਧਿਆਨ ਲਗਾਤੇ ਹੈਂ । |
| ...ਅਸੰਖ ਸਤੀ ਅਸੰਖ ਦਾਤਾਰ ॥ | ਸੰਖੋਂ ਸਤਿ ਗੁਨ ਵਾਲੇ ਹੈਂ ਔਰ ਸੰਖੋਂ ਦਾਨੀ ਹੋਤੇ ਹੈਂ । |
| ...ਕੁਦਰਤਿ ਕਵਣ ਕਹਾ ਵੀਚਾਰੁ ॥ | ਮੁਝ ਮੇਂ ਕਬ ਯਿਹ ਕੁਦਰਤ ਹੈ, ਮੈਂ ਤੇਰਾ ਸੋਚ ਬਿਚਾਰ ਕਰੂੰ । |
| ਵਾਰਿਆ ਨ ਜਾਵਾ ਏਕ ਵਾਰ ॥ | ਮੈਂ ਇਸ ਲਾਇਕ ਕਬ ਹੂੰ ਤੁਝ ਪਰ ਜਾਨ ਫ਼ਿਦਾ ਇਕ ਬਾਰ ਕਰੂੰ । |
| ਜੋ ਤੁਧੁ ਭਾਵੈ ਸਾਈ ਭਲੀ ਕਾਰ ॥ | ਕਾਰ ਵੁਹ ਹੀ ਅੱਛਾ ਹੈ ਜਿਸਕੋ ਸਮਝੇ ਅੱਛਾ ਕਾਰ ਤੂ ਹੀ । |
| ਤੂ ਸਦਾ ਸਲਾਮਤਿ ਨਿਰੰਕਾਰ ॥ | ਤੇਰੀ ਜ਼ਾਤ ਸਲਾਮਤ ਦਾਇਮ ਪਾਕ ਹੈ ਨਿਰੰਕਾਰ ਤੂ ਹੀ । |

## ਅਵਤਾਰ ਬਾਣੀ

ਪਦਾ: 18 ਵਿਚੋਂ :

ਆਪ ਹੀ ਆਪਣੀ ਜਾਣੇ ਦਾਤਾ ਸਭ ਨੂੰ ਦੇਂਦਾ ਰਹਿੰਦਾ ਏ।
ਇਹ ਗੱਲ ਆਪਣੇ ਮੂੰਹ ਤੋਂ ਲੇਕਿਨ ਵਿਰਲਾ ਹੀ ਕੋਈ ਕਹਿੰਦਾ ਏ।

ਓਹੀ ਓਹੀ ਮਿਲਦਾ ਸਭ ਨੂੰ ਜੋ ਜੋ ਵੀ ਇਹ ਕਹਿੰਦਾ ਏ।
ਮਿਲਦਾ ਏ ਜੋ ਕਹਿੰਦਾ ਏ, ਜੋ ਕਹਿੰਦਾ ਏ ਮਿਲ ਰਹਿੰਦਾ ਏ। ......

ਪਦਾ: 19 ਵਿਚੋਂ:

ਕਿਸ ਘੜੀ ਏ ਘਾੜਤ ਇਹਦੀ ਕੌਣ ਬਨਾਵਣ ਵਾਲਾ ਏ।
ਆਪੇ ਆਪ ਹੈ ਸਭ ਕੁਝ ਆਪੇ ਹਰ ਇਕ ਸ਼ੈ ਤੋਂ ਬਾਲਾ ਏ। ......

ਪਦਾ: 21 ਵਿਚੋਂ:

......ਮੇਰੀ ਤੇ ਇਹ ਹਿੰਮਤ ਨਹੀਂ ਏ ਤੇਰੀ ਸੋਚ ਵਿਚਾਰ ਕਰਾਂ।
ਦਿਲ ਵਿਚ ਏਨੀ ਤਾਕਤ ਨਹੀਂ ਏ ਤੈਥੋਂ ਜਾਨ ਨਿਸਾਰ ਕਰਾਂ।
ਓਹੋ ਕੰਮ ਸੁੱਚਜਾ ਏ ਜੋ ਸਮਝੇਂ ਚੰਗੀ ਕਾਰ ਤੂੰਹੀ।
ਅੱਵਲ ਆਖ਼ਰ ਕਾਇਮ ਦਾਇਮ ਇਕ ਤੂੰ ਹੀ ਨਿਰੰਕਾਰ ਤੂੰ ਹੀ।

ਪਦਾ: 22

ਲੱਖਾਂ ਲੋਕੀਂ ਤਪ ਨੇ ਕਰਦੇ, ਲੱਖਾਂ ਪਿਆਰ ਮੁੱਹਬਤ ਵੀ।
ਲੱਖਾਂ ਤੇਰੀ ਪੂਜਾ ਕਰਦੇ, ਲੱਖਾਂ ਲੋਕ ਇਬਾਦਤ ਵੀ।
ਲੱਖਾਂ ਲੋਕੀਂ ਵੇਦ ਗ੍ਰੰਥਾਂ ਦਾ ਪਏ ਪਾਠ ਸੁਣਾਂਦੇ ਨੇ।
ਲੱਖਾਂ ਲੋਕੀਂ ਬਣ ਉਦਾਸੀ ਬਨ ਵਿਚ ਜੋਗ ਕਮਾਂਦੇ ਨੇ।
ਲੱਖਾਂ ਲਾ ਚੁਪ-ਚਾਪ ਸਮਾਧੀ ਤੇਰਾ ਹੀ ਪਏ ਧਿਆਨ ਧਰਨ।
ਲੱਖਾਂ ਮਾਇਆ ਦੌਲਤ ਵਾਲੇ ਲੱਖਾਂ ਹੀ ਪੁੰਨ ਦਾਨ ਕਰਨ।
ਪਰ ਮੇਰੀ ਤਾਂ ਇਹ ਹਿੰਮਤ ਨਹੀਂ ਏ, ਤੇਰੀ ਮਿਹਰ ਸ਼ੁਮਾਰ ਕਰਾਂ।
ਜਾਨ ਵੀ ਇਹ ਤਾਂ ਤੇਰੀ ਏ ਮੈਂ ਕਿਹੜੀ ਜਾਨ ਨਿਸਾਰ ਕਰਾਂ।
ਉਹੋ ਕੰਮ ਸੁਹਾਉਂਣਾ ਜਾਪੇ, ਸਮਝੇਂ ਚੰਗੀ ਕਾਰ ਤੂੰਹੀਂ।
ਅਵਲ ਆਖ਼ਿਰ ਕਾਇਮ ਦਾਇਮ ਇਕ ਤੂੰਹੀ ਨਿਰੰਕਾਰ ਤੂੰਹੀਂ।

| ਜਪੁ ਜੀ ਸਾਹਿਬ ਦੀ ਮੂਲ ਬਾਣੀ | ਖ਼੍ਵਾਜਾ ਦਿਲ ਮੁਹਮੰਦ ਦੁਆਰਾ ਅਨੁਵਾਦ (ਉਰਦੂ ਨਜ਼ਮ) |
| --- | --- |
| ਪਉੜੀ :19 ਵਿਚੋਂ : | ਪਉੜੀ :19 ਵਿਚੋਂ : |
| ਅਸੰਖ ਨਾਵ ਅਸੰਖ ਥਾਵ ॥ | ਸੰਖੋਂ ਤੇਰੇ ਨਾਮ ਭੀ ਹੈਂ ਔਰ ਸੰਖੋਂ ਹੀ ਅਸਥਾਨ ਭੀ ਹੈਂ। |
| ਅਗੰਮ ਅਗੰਮ ਅਸੰਖ ਲੋਅ ॥ | ਜਿਨ ਤਕ ਜਾਨਾ ਨਾ-ਮੁਮਕਿਨ ਹੈ ਸੰਖੋਂ ਔਰ ਜਹਾਨ ਭੀ ਹੈਂ। |
| ਅਸੰਖ ਕਹਹਿ ਸਿਰਿ ਭਾਰੁ ਹੋਇ ॥ | ਸੰਖੋਂ ਕਹਿਨਾ ਯਿਹ ਬੀ ਅਪਨੇ ਸਿਰ ਪਰ ਬੋਝ ਉਠਾਨਾ ਹੈ। |
| ਅਖਰੀ ਨਾਮੁ ਅਖਰੀ ਸਾਲਾਹ ॥ | ਹਰਫੋਂ ਹੀ ਸੇ ਨਾਮ ਬਨਾ ਹਰਫੋਂ ਸੇ ਹਮਦ ਸੁਨਾਨਾ ਹੈ। |
| ਅਖਰੀ ਗਿਆਨੁ ਗੀਤ ਗੁਣ ਗਾਹ ॥ | ਹਰਫੋਂ ਹੀ ਸੇ ਗਿਆਨ ਬਤਾਏਂ ਗੀਤ ਗੁਨੋਂ ਕੇ ਗਾਤੇ ਹੈਂ। |
| ਅਖਰੀ ਲਿਖਣੁ ਬੋਲਣੁ ਬਾਣਿ ॥ ...... | ਹਰਫੋਂ ਹੀ ਸੇ ਬੋਲ ਬਨੇ ਜੋ ਲਿਖੇ ਬੋਲੇ ਜਾਤੇ ਹੈਂ। |
| | |
| ਪਉੜੀ :24 ਵਿਚੋਂ : | ਪਉੜੀ :24 ਵਿਚੋਂ : |
| ...ਅੰਤੁ ਨ ਜਾਪੈ ਕੀਤਾ ਆਕਾਰੁ ॥ | ਅੰਤ ਨਹੀਂ ਕੁਛ ਖ਼ਲਕਤ ਕਾ ਸੰਸਾਰ ਕਾ ਤੇਰੇ ਅੰਤ ਨਹੀਂ। |
| ਅੰਤੁ ਨ ਜਾਪੈ ਪਾਰਾਵਾਰੁ ॥ | ਪਾਰ ਕਾ ਤੇਰੇ ਅੰਤ ਨਹੀਂ ਔਰ ਵਾਰ ਕਾ ਤੇਰੇ ਅੰਤ ਨਹੀਂ। |
| ...ਏਵਡੁ ਊਚਾ ਹੋਵੈ ਕੋਇ ॥ | ਇਤਨਾ ਊਂਚਾ ਕੌਣ ਭਲਾ ਜੋ ਉਸ ਊਂਚੇ ਕੋ ਜਾਨੇਗਾ। |
| ਤਿਸੁ ਊਚੇ ਕਉ ਜਾਣੈ ਸੋਇ।...... | |
| | |
| ਪਉੜੀ :25 ਵਿਚੋਂ : | ਪਉੜੀ :25 ਵਿਚੋਂ : |
| ਕੇਤੇ ਮੰਗਹਿ ਜੋਧ ਅਪਾਰ ॥ | ਕਿਤਨੇ ਹੈਂ ਬਲਵਾਨ ਬਹਾਦਰ ਭੀਕ ਜੋ ਉਸਸੇ ਪਾਤੇ ਹੈਂ। |
| ਕੇਤਿਆ ਗਣਤ ਨਹੀ ਵੀਚਾਰੁ ॥ | ਜੋ ਭਿਕ ਮੰਗੇ ਉਸਕੇ ਦਰ ਸੇ ਗਿਨਤੀ ਮੇਂ ਕਬ ਆਤੇ ਹੈਂ। |
| ਕੇਤੇ ਖਪਿ ਤੁਟਹਿ ਵੇਕਾਰ ॥ | ਕਿਤਨੇ ਵੁਹ ਬਦਕਿਸਮਤ ਹੈਂ ਜੋ ਪਾਪੀ ਹੈ ਬਦਕਾਰ ਭੀ ਹੈਂ। |
| ਕੇਤੇ ਲੈ ਲੈ ਮੁਕਰੁ ਪਾਹਿ ॥ | ਘੁਲ ਘੁਲ ਕਰ ਵੁਹ ਬਦੀਓਂ ਮੇਂ, ਇਸ ਜੀਨੇ ਸੇ ਬੇਜ਼ਾਰ ਭੀ ਹੈਂ। |
| ...ਬੰਦਿ ਖਲਾਸੀ ਭਾਣੈ ਹੋਇ ॥ | ਕਿਤਨੇ ਉਸ ਸੇ ਲੇਨੇ ਵਾਲੇ ਸਾਫ ਮੁਕਰਤੇ ਜਾਤੇ ਹੈਂ। |
| ਹੋਰੁ ਆਖਿ ਨ ਸਕੈ ਕੋਇ ॥ | ...ਬੰਦਸ਼ ਤੇਰੀ ਮਰਜ਼ੀ ਹੈ, ਆਜ਼ਾਦੀ ਤੇਰੀ ਮਰਜ਼ੀ ਹੈ। |
| ਜੇ ਕੋ ਖਾਇਕੁ ਆਖਣਿ ਪਾਇ ॥ | ਮੂਰਖ ਤੇਰੀ ਬਾਤੋਂ ਮੇਂ ਜੋ ਕੋਈ ਨੁਕਸ ਬਤਾਤਾ ਹੈ। |
| ਓਹੁ ਜਾਣੈ ਜੇਤੀਆ ਮੁਹਿ ਖਾਇ ॥ | ਜਬ ਵੁਹ ਮੂੰਹ ਕੀ ਖਾਤਾ ਹੈ ਤਬ ਹੋਸ਼ ਉਸੇ ਆ ਜਾਤਾ ਹੈ। |
| ...ਜਿਸ ਨੋ ਬਖਸੇ ਸਿਫਤਿ ਸਾਲਾਹ ॥ | ...ਜਿਸ ਕੋ ਬਖ਼ਸ਼ੇ ਹਮਦ ਕੀ ਤਾਕਤ ਵੁਹ ਬੰਦਾ ਜ਼ੀ ਜਾਹ ਹੁਆ। |
| ਨਾਨਕ ਪਾਤਿਸਾਹੀ ਪਾਤਿਸਾਹੁ ॥ | ਨਾਨਕ ਵੁਹ ਰਾਜੋਂ ਕਾ ਰਾਜਾ, ਵੁਹ ਸ਼ਾਹੋ ਕਾ ਸ਼ਾਹ ਹੁਆ। |

## ਅਵਤਾਰ ਬਾਣੀ

ਪਦਾ: 23 ਵਿਚੋਂ:

ਅਨ-ਗਿਣਤ ਹੀ ਨਾਮ ਤੇਰੇ ਨੇ ਅਨ-ਗਿਣਤ ਅਸਥਾਨ ਵੀ ਨੇ।
ਜਿੱਥੇ ਸੋਚਾਂ ਪਹੁੰਚ ਨਾ ਸਕਨ ਲੱਖਾਂ ਹੋਰ ਜਹਾਨ ਵੀ ਨੇ।
ਸੰਖ ਕਰੋੜਾਂ ਕਹਿ ਕੇ ਤੈਨੂੰ ਐਵੇਂ ਭਾਰ ਉਠਾਣਾ ਏ।
ਹੇਰਾ ਫੇਰੀ ਅੱਖਰਾਂ ਦੀ ਅੱਖਰਾਂ ਦਾ ਤਾਣਾ ਬਾਣਾ ਏ।
ਅੱਖਰਾਂ ਦੀ ਹੀ ਖੇਡ ਹੈ ਸਾਰੀ ਗੀਤ ਗੁਣਾਂ ਦੇ ਗਾਂਦੇ ਨੇ।
ਅਖਰਾਂ ਦੇ ਹੀ ਬੋਲ ਬਣੇ ਨੇ ਲਿਖੇ ਬੋਲੇ ਜਾਂਦੇ ਨੇ। ......

ਪਦਾ: 24 ਵਿਚੋਂ:

ਅੰਤ ਨਹੀਂ ਤੇਰੀ ਰਚਨਾ ਦਾ, ਵਿਸਥਾਰ ਦਾ ਤੇਰੇ ਅੰਤ ਨਹੀਂ।
ਆਰ ਨਾ ਤੇਰਾ ਨਜ਼ਰੀ ਆਵੇ, ਪਾਰ ਦਾ ਤੇਰੇ ਅੰਤ ਨਹੀਂ।......
ਏਨਾਂ ਉੱਚਾ ਕਿਹੜਾ ਹੋਵੇ ਜੋ ਇਹ ਉੱਚਾ ਜਾਣ ਲਏ।......

ਪਦਾ: 25 ਵਿਚੋਂ:

ਕੋਈ ਸੂਰਾ ਕੋਈ ਰਾਜਾ ਨਹੀਂ ਏ ਭੀਖ ਜੋ ਏਥੋਂ ਪਾਂਦਾ ਨਹੀਂ।
ਇਕ ਵੀ ਜੀਵ ਨਹੀਂ ਜਗ ਉੱਤੇ ਜੋ ਇਸ ਤੋਂ ਮੰਗ ਖਾਂਦਾ ਨਹੀਂ।
ਲੱਖਾਂ ਕਿਸਮਤ ਮਾਰੇ ਇਥੇ, ਪਾਪੀ ਤੇ ਬਦਕਾਰ ਵੀ ਨੇ।
ਘੁਲ ਘੁਲ ਲੱਖਾਂ ਦੁਖਾਂ ਅੰਦਰ ਜੀਵਨ ਤੋਂ ਬੇਜ਼ਾਰ ਵੀ ਨੇ।
ਲ਼ੱਖ ਕਰੋੜਾਂ ਪਾ ਕੇ ਇਹਦਾ ਸਾਫ਼ ਮੁਕਰਦੇ ਜਾਂਦੇ ਨੇ।
......ਕੈਦ ਵੀ ਤੇਰੀ ਮਰਜ਼ੀ ਏ ਆਜ਼ਾਦੀ ਤੇਰੀ ਮਰਜ਼ੀ ਏ।
ਕੌਣ ਤੈਨੂੰ ਕੁਝ ਕਹਿ ਸਕਦੈ ਇਹ ਮਰਜ਼ੀ ਮੇਰੀ ਮਰਜ਼ੀ ਏ।
ਮੂਰਖ ਬੰਦਾ ਤੇਰੇ ਚੋਂ ਵੀ ਕੱਢਕੇ ਨੁਕਸ ਵਖਾਂਦਾ ਏ।
ਹੋਣੀ ਦਾ ਜਾਂ ਥੱਪੜ ਲਗਦੈ ਹੋਸ਼ ਤਾਂ ਇਹਨੂੰ ਆਂਦਾ ਏ।
ਜਿਨੂੰ ਵੀ ਇਹ ਕਰ ਲੈ ਆਪਣਾ ਉਹ ਅਸਗਾਹ ਹੋ ਜਾਂਦਾ ਏ।
ਸੰਤ ਅਵਤਾਰ ਮਿਲੇ ਜੇ ਪੂਰਾ ਮੰਗਤਾ ਸ਼ਾਹ ਹੋ ਜਾਂਦਾ ਏ।

| ਜਪੁ ਜੀ ਸਾਹਿਬ ਦੀ ਮੂਲ ਬਾਣੀ | ਖ਼੍ਵਾਜਾ ਦਿਲ ਮੁਹਮੰਦ ਦੁਆਰਾ ਅਨੁਵਾਦ (ਉਰਦੂ ਨਜ਼ਮ) |
|---|---|
| ਪਉੜੀ :26 ਵਿਚੋਂ : | ਪਉੜੀ :26 ਵਿਚੋਂ : |
| ਅਮੁਲ ਗੁਣ ਅਮੁਲ ਵਾਪਾਰ ॥ | ਗੁਣ ਭੀ ਹੈਂ ਅਨਮੋਲ ਤਿਰੇ ਅਨਮੋਲ ਤਿਰਾ ਬਿਉਪਾਰ ਭੀ ਹੈ । |
| ਅਮੁਲ ਵਾਪਾਰੀਏ ਅਮੁਲ ਭੰਡਾਰ ॥ | ਬਿਉਪਾਰੀ ਅਨਮੋਲ ਤਿਰੇ ਅਨਮੋਲ ਤਿਰਾ ਭੰਡਾਰ ਭੀ ਹੈ । . . . |
| | |
| ਪਉੜੀ :30 ਵਿਚੋਂ : | ਪਉੜੀ :30 ਵਿਚੋਂ : |
| ਏਕਾ ਮਾਈ ਜੁਗਤਿ ਵਿਆਈ | ਕਹਿਤੇ ਹੈਂ ਜਬ ਮਾਇਆ ਮਾਈ ਪਾਸ ਖ਼ੁਦਾ ਕੇ ਆਈ ਹੈ । |
| ਤਿਨਿ ਚੇਲੇ ਪਰਵਾਣੁ ॥ | ਦੇਵਤਾ ਉਸਨੇ ਤੀਨ ਜਨੇ ਤੀਨੋਂ ਕੇ ਹਾਥ ਖ਼ੁਦਾਈ ਹੈ । |
| ਇਕੁ ਸੰਸਾਰੀ ਇਕੁ ਭੰਡਾਰੀ | ਇਕ ਸੰਸਾਰ ਬਨਾਤਾ ਹੈ ਔਰ ਇਕ ਰੋਜ਼ੀ ਪਹੁੰਚਾਤਾ ਹੈ । |
| ਇਕੁ ਲਾਏ ਦੀਬਾਣੁ ॥ | ਇਕ ਜਾਂਚੇ ਆਮਾਲ ਜਹਾਂ ਕੇ ਵੁਹ ਦੀਵਾਨ ਲਗਾਤਾ ਹੈ । |
| ਜਿਵ ਤਿਸੁ ਭਾਵੈ ਤਿਵੈ ਚਲਾਵੈ | ਲੇਕਿਨ ਸਚ ਪੂਛੋ ਤੋ ਦੁਨੀਆ ਹੁਕਮ ਖ਼ੁਦਾ ਸੇ ਚਲਤੀ ਹੈ । |
| ਜਿਵ ਹੋਵੈ ਫੁਰਮਾਣੁ ॥ | ਜੈਸੇ ਜੈਸੇ ਹੁਕਮ ਕਰੇ ਯਿਹ ਵੈਸੇ ਵੈਸੇ ਚਲਤੀ ਹੈ । |
| ਓਹੁ ਵੇਖੈ ਓਨਾ ਨਦਰਿ ਨ ਆਵੈ | ਵੁਹ ਇਨ ਸਬ ਕੋ ਦੇਖੇ ਭਾਲੇ, ਸਬ ਕਾ ਹਰ ਦਮ ਧਿਆਨ ਕਰੇ । |
| ਬਹੁਤਾ ਇਹੁ ਵਿਡਾਣੁ ॥ | ਆਪ ਰਹੇ ਆਂਖੋਂ ਸੇ ਓਝਲ, ਆਕ਼ਲ ਕੋ ਹੈਰਾਨ ਕਰੇ । |
| ਆਦੇਸੁ ਤਿਸੈ ਆਦੇਸੁ ॥ | ਉਸ ਕੋ ਹੈ ਆਦੇਸ ਸਦਾ ਆਦੇਸ ਸਦਾ ਆਦੇਸ ਸਦਾ । |
| ਆਦਿ ਅਨੀਲੁ ਅਨਾਦਿ ਅਨਾਹਤਿ | ਅਵਲ ਪਾਕ ਅਨਾਦੀ ਅਬਦੀ, |
| ਜੁਗੁ ਜੁਗੁ ਏਕੋ ਵੇਸੁ ॥ | ਜੁਗ ਜੁਗ ਮੇਂ ਇਕ ਭੇਸ ਸਦਾ । |
| | |
| ਪਉੜੀ :31 : | ਪਉੜੀ :31: |
| ਆਸਣੁ ਲੋਇ ਲੋਇ ਭੰਡਾਰ ॥ | ਹਰ ਆਲਮ ਮੇਂ ਤਖਤ ਉਸੀ ਕਾ ਹਰ ਜੁਗ ਮੇਂ ਭੰਡਾਰ ਭਰੇ । |
| ਜੋ ਕਿਛੁ ਪਾਇਆ ਸੁ ਏਕਾ ਵਾਰ ॥ | ਜਬ ਭੀ ਵੁਹ ਭੰਡਾਰ ਭਰੇ ਭੰਡਾਰ ਤਮਾਮ ਇਕ ਬਾਰ ਭਰੇ । |
| ਕਰਿ ਕਰਿ ਵੇਖੈ ਸਿਰਜਣਹਾਰੁ ॥ | ਆਪ ਬਨਾਏ ਆਪ ਹੀ ਦੇਖੇ ਸਭ ਕਾ ਸਿਰਜਨਹਾਰ ਹੈ ਵੁਹ । |
| ਨਾਨਕ ਸਚੇ ਕੀ ਸਾਚੀ ਕਾਰ ॥ | ਨਾਨਕ ਸਚੇ ਕਾਮ ਸਬ ਉਸਕੇ ਹਾਂ ਸੱਚੀ ਸਰਕਾਰ ਹੈ ਵੁਹ । |
| ਆਦੇਸੁ ਤਿਸੈ ਆਦੇਸੁ ॥ | ਉਸ ਕੋ ਹੈ ਆਦੇਸ ਸਦਾ ਆਦੇਸ ਸਦਾ ਆਦੇਸ ਸਦਾ । |
| ਆਦਿ ਅਨੀਲੁ ਅਨਾਦਿ ਅਨਾਹਤਿ | ਅਵੱਲ ਪਾਕ ਅਨਾਦੀ ਅਬਦੀ ਜੁਗ ਜੁਗ ਮੇਂ ਇਕ ਭੇਸ ਸਦਾ । |
| ਜੁਗੁ ਜੁਗੁ ਏਕੋ ਵੇਸੁ ॥ | |

## ਅਵਤਾਰ ਬਾਣੀ

ਪਦਾ: 26 ਵਿਚੋਂ:
ਗੁਣਾਂ ਦਾ ਤੇਰੇ ਮੁੱਲ ਨਹੀਂ ਅਣ-ਮੁੱਲਾ ਏ ਭੰਡਾਰ ਤੇਰਾ।
ਅਣ-ਮੁੱਲੇ ਨੇ ਗਾਹਕ ਤੇਰੇ ਅਣ-ਮੁੱਲਾ ਵਾਪਾਰ ਤੇਰਾ।......

ਪਦਾ: 29
ਕੋਈ ਕਹਿੰਦੈ ਤਿੰਨ ਦੇਵਤਿਆਂ ਮਿਲ ਦੁਨੀਆਂ ਸਗਲ ਬਣਾਈ ਏ।
ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਤਿੰਨੇ ਜਿਨ੍ਹਾਂ ਹੱਥ ਖ਼ੁਦਾਈ ਏ।
ਇਕ ਬਣਾਈ ਸ੍ਰਿਸਟੀ ਸਾਰੀ ਇਕ ਰੋਜ਼ੀ ਪਹੁੰਚਾਦਾ ਏ।
ਤੀਜਾ ਵੇਖੇ ਕਰਨੀ ਸਭ ਦੀ, ਮੌਤ ਦੇ ਗੇੜੀਂ ਪਾਂਦਾ ਏ।
ਸਚ ਪੁੱਛੇ ਜੇ ਦੁਨੀਆਂ ਮੈਥੋਂ ਹੁਕਮ ਇਕ ਦੇ ਚਲਦੀ ਏ।
ਜਿੱਦਾਂ ਜਿੱਦਾਂ ਹੁਕਮ ਕਰੇ ਇਹ ਓਦਾਂ ਓਦਾਂ ਚਲਦੀ ਏ।
ਸਭ ਨੂੰ ਵੇਖੇ ਭਾਲੇ ਏਹੋ ਹਰ ਜੀ ਦੇ ਵੱਲ ਧਿਆਨ ਕਰੇ।
ਆਪ ਬੈਠਕੇ ਪਰਦੇ ਓਹਲੇ ਅਕਲਾਂ ਨੂੰ ਹੈਰਾਨ ਕਰੇ।
ਏਸੇ ਨੂੰ ਪ੍ਰਣਾਮ ਨੇ ਮੇਰੇ ਏਸੇ ਨੂੰ ਆਦੇਸ ਵੀ ਏ।
ਕਹਿ ਅਵਤਾਰ ਇਹ ਪਾਕ ਅਨਾਦੀ ਜੁਗ ਜੁਗ ਏਕੋ ਵੇਸ ਵੀ ਏ।

ਪਦਾ: 30
ਤ੍ਰੈਲੋਕੀ ਦਾ ਮਾਲਕ ਸੁਆਮੀ ਜੁਗ ਜੁਗ ਆਪ ਭੰਡਾਰ ਭਰੇ।
ਤਰਸ ਕਰੇ ਤੇ ਆ ਜਗ ਅੰਦਰ ਲੱਖਾਂ ਪਾਪੀ ਪਾਰ ਕਰੇ।
ਆਪ ਬਣਾਏ ਆਪੇ ਵੇਖੇ ਜਗ ਦਾ ਸਿਰਜਨਹਾਰ ਹੈ ਇਹ।
ਇਹ ਹੈ ਇਕ ਖ਼ਲਾ ਦਾ ਰਾਜਾ ਇਕ ਸੱਚੀ ਸਰਕਾਰ ਹੈ ਇਹ।
ਏਸੇ ਨੂੰ ਪ੍ਰਨਾਮ ਨੇ ਮੇਰੇ ਏਸੇ ਨੂੰ ਆਦੇਸ ਸਦਾ।
ਅਵਤਾਰ ਗੁਰੂ ਇਹ ਮਰੇ ਨਾ ਜੰਮੇ ਜੁਗ ਜੁਗ ਏਕੋ ਵੇਸ ਸਦਾ।

## ਜਪੁ ਜੀ ਸਾਹਿਬ ਦੀ ਮੂਲ ਬਾਣੀ

ਪਉੜੀ :32 ਵਿਚੋਂ:

ਇਕ ਦੂ ਜੀਭੌ ਲਖ ਹੋਹਿ
ਲਖ ਹੋਵਹਿ ਲਖ ਵੀਸ ॥......

ਪਉੜੀ :33 ਵਿਚੋਂ :

ਆਖਣਿ ਜੋਰੁ ਚੁਪੈ ਨਹ ਜੋਰੁ ॥
ਜੋਰੁ ਨ ਮੰਗਣਿ ਦੇਣਿ ਨ ਜੋਰੁ ॥
ਜੋਰੁ ਨ ਜੀਵਣਿ ਮਰਣਿ ਨ ਜੋਰੁ ॥
ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥
ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥......

ਪਉੜੀ :34 ਵਿਚੋਂ :

ਰਾਤੀ ਰੁਤੀ ਥਿਤੀ ਵਾਰ ॥
ਪਵਣ ਪਾਣੀ ਅਗਨੀ ਪਾਤਾਲ ॥......
ਕਰਮੀ ਕਰਮੀ ਹੋਇ ਵੀਚਾਰੁ ॥......
ਕਚ ਪਕਾਈ ਓਥੈ ਪਾਇ ॥
ਨਾਨਕ ਗਇਆ ਜਾਪੈ ਜਾਇ ॥

## ਖ੍ਵਾਜਾ ਦਿਲ ਮੁਹਮੰਦ ਦੁਆਰਾ ਅਨੁਵਾਦ (ਉਰਦੂ ਨਜ਼ਮ)

ਪਉੜੀ :32 ਵਿਚੋਂ:

ਏਕ ਕੇ ਬਦਲੇ ਲਾਖ ਜ਼ੁਬਾਨੇ ਮੂੰਹ ਮੇਂ ਮੇਰੇ ਆਏਂ ਅਗਰ
ਇਕ ਇਕ ਕੀ ਫਿਰ ਬੀਸ ਬਨੇਂ ਯੂੰ ਬੀਸ ਗੁਨਾਂ ਹੋ ਜਾਏਂ ਅਗਰ ।

ਪਉੜੀ :33 ਵਿਚੋਂ :

ਕਹਿਨੇ ਪਰ ਕਬ ਜ਼ੋਰ ਚਲੇ ਚੁਪ ਰਹਿਨੇ ਪਰ ਕਬ ਜ਼ੋਰ ਚਲੇ ।
ਦੇਨੇ ਪਰ ਕਬ ਜ਼ੋਰ ਚਲੇ ਔਰ ਲਹਿਨੇ ਪਰ ਕਬ ਜ਼ੋਰ ਚਲੇ ।
ਜੀਨੇ ਪਰ ਕਬ ਜ਼ੋਰ ਚਲੇ ਮਰ ਜਾਨੇ ਪਰ ਕਬ ਜ਼ੋਰ ਚਲੇ ।
ਜ਼ਰ, ਮਨਸ਼ੂਰ ਔਰ ਰਾਜ ਹਕੂਮਤ ਪਾਨੇ ਪਰ ਕਬ ਜ਼ੋਰ ਚਲੇ ।
ਸੁਰਤੀ ਪਰ ਕਿਆ ਦਾਅਵਾ,
ਗਿਆਨ ਔਰ ਧਿਆਨ ਪੇ ਕਿਸਕਾ ਜ਼ੋਰ ਚਲੇ । ......

ਪਉੜੀ :34 ਵਿਚੋਂ :

ਉਸ ਮਾਲਕ ਨੇ ਰਾਤ ਬਨਾਈ ਮੌਸਮ ਭੀ ਤੱਈਆਰ ਕੀਏ ।
ਚਾਂਦ ਕੀ ਤਿਥ ਤਾਰੀਖ ਬਨਾਈ ਪੈਦਾ ਦਿਨ ਔਰ ਵਾਰ ਕੀਏ ।
ਆਗ ਹਵਾ ਹੈ ਪਾਨੀ ਹੈ ਪਾਤਾਲ ਜ਼ਮੀਨ ਕੇ ਅੰਦਰ ਹੈ । ......
ਜੈਸੇ ਕਰਮ ਕਮਾਏਂਗੇ ਸਬ ਵੈਸੇ ਹੀ ਫਲ ਪਾਏਂਗੇ । ......
ਕੱਚੇ ਪੱਕੇ ਪਰਖੇ ਜਾਏਂ ਜਬ ਦਰਗਾਹ ਮੇਂ ਆਏਂਗੇ ।
ਨਾਨਕ ਰਬ ਕੇ ਪਾਸ ਪਹੁੰਚ ਕਰ ਸਬ ਪਹਿਚਾਨੇ ਜਾਏਂਗੇ ।

## ਅਵਤਾਰ ਬਾਣੀ

ਪਦਾ: 31 ਵਿਚੋਂ:

ਇਕ ਦੇ ਬਦਲੇ ਲਖ ਜ਼ੁਬਾਨਾਂ ਜੇ ਮੂੰਹ ਅੰਦਰ ਹੋਵਣ ਵੀ।
ਲਖ ਬਣੇ ਉਹ ਲਖ ਗੁਣਾਂ ਫਿਰ ਲਖ ਗੁਣਾ ਲਖ ਹੋਵਣ ਵੀ। ......

ਪਦਾ : 32 ਵਿਚੋਂ:

ਬੋਲਾਂ ਦੇ ਇਹ ਵਸ ਨਹੀਂ ਏਂ ਚੁਪ ਰਹਿਣ ਦੇ ਵਸ ਨਹੀਂ।
ਦਾਨ ਪੁੰਨ ਦੇ ਵਸ ਨਹੀਂ ਏਂ ਲੈਣ ਦੇਣ ਦੇ ਵਸ ਨਹੀਂ।
ਜੀਵਨ ਦੇ ਇਹ ਵਸ ਨਹੀਂ ਏਂ ਵਸ ਨਹੀਂ ਮਰ ਜਾਵਣ ਦੇ।
ਵਸ ਨਾ ਕਿਸੇ ਹਕੂਮਤ ਦੇ ਇਹ ਵਸ ਨਾ ਜ਼ੋਰ ਲਗਾਵਣ ਦੇ।
ਮਨ ਬੁੱਧੀ ਦੇ ਵਸ ਦਾ ਨਹੀਂ ਏਂ ਵਸ ਨਹੀਂ ਜੋਗ ਧਿਆਨਾਂ ਦੇ। ......

ਪਦਾ: 33 ਵਿਚੋਂ:

ਸੱਚਾ ਸਾਹਿਬ ਰਾਤ ਬਣਾਏ ਮੌਸਮ ਵੀ ਤਿਆਰ ਕਰੇ।
ਸੂਰਜ ਚੰਦ ਬਣਾਏ ਏਹੋ ਪੈਦਾ ਦਿਨ ਤੇ ਵਾਰ ਕਰੇ। ......
ਅੱਗ ਹਵਾ ਤੇ ਪਾਣੀ ਸਾਜੇ ਧਰਤੀ ਥੱਲੇ ਹੋਰ ਪਤਾਲ।......
ਜੈਸੀ ਕਰਨੀ ਕਰਸੀ ਕੋਈ ਤੈਸਾ ਹੀ ਫਲ ਪਾਏਗਾ। ......
ਕੱਚੇ ਪੱਕੇ ਅੱਗੇ ਜਾਕੇ ਕਰਨੀ ਦਾ ਫਲ ਪਾਵਨ ਗੇ।
ਕਹੇ ਅਵਤਾਰ ਗੁਰੂ ਦੇ ਬੰਦੇ ਬਿਲਕੁਲ ਬਖ਼ਸ਼ੇ ਜਾਵਨ ਗੇ।

| ਸੁਖਮਨੀ ਸਾਹਿਬ ਦੀ ਮੂਲ ਬਾਣੀ | ਖ੍ਵਾਜਾ ਦਿਲ ਮੁਹਮੰਦ ਦੁਆਰਾ ਅਨੁਵਾਦ (ਉਰਦੂ ਨਜ਼ਮ) |
|---|---|
| (ਅਸ਼ਟਪਦੀ 1/2) | |
| ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥ | ਰਬ ਕੀ ਯਾਦ ਕੀਏ ਜਾ ਬੰਦੇ ਫਿਰ ਨਾ ਜਨਮ ਕਾ ਚੱਕਰ ਖਾਏ । |
| ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥ | ਰਬ ਕੀ ਯਾਦ ਕੀਏ ਜਾ ਬੰਦੇ ਮੌਤ ਕਾ ਸਾਰਾ ਦੁਖ ਮਿਟ ਜਾਏ । |
| ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥ | ਰਬ ਕੀ ਯਾਦ ਕੀਏ ਜਾ ਬੰਦੇ ਮਰਨੇ ਕੀ ਹੋ ਉਲਝਨ ਦੂਰ । |
| ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ।...... | ਰਬ ਕੀ ਯਾਦ ਕੀਏ ਜਾ ਬੰਦੇ ਰੱਦ ਬਲਾਏਂ ਦੁਸ਼ਮਨ ਦੂਰ । |
| ਪ੍ਰਭ ਕੈ ਸਿਮਰਨਿ ਭਉ ਨ ਬਿਆਪੈ । | ਰਬ ਕੀ ਯਾਦ ਕੀਏ ਜਾ ਬੰਦੇ ਖ਼ੌਫ ਨਾ ਤੁਝ ਪਰ ਛਾਏਗਾ । |
| ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ । | ਰਬ ਕੀ ਯਾਦ ਕੀਏ ਜਾ ਬੰਦੇ ਦੁਖ ਸਾਰਾ ਮਿਟ ਜਾਏਗਾ । |
| ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ । | ਰਬ ਕੀ ਯਾਦ ਜਭੀ ਹੋ ਨਾਨਕ ਜਬ ਸਾਧੋਂ ਕਾ ਸੰਗ ਮਿਲੇ । |
| ਸਰਬ ਨਿਧਾਨ ਨਾਨਕ ਹਰਿ ਰੰਗਿ । | ਸੱਚਾ ਹੋ ਜਬ ਪ੍ਰੇਮ ਖ਼ੁਦਾ ਸੇ ਫਿਰ ਦੌਲਤ ਹਰ ਰੰਗ ਮਿਲੇ । |
| (ਅਸ਼ਟਪਦੀ 1/3) | |
| ਪ੍ਰਭ ਕੈ ਸਿਮਰਨਿ | ਰਬ ਕੀ ਯਾਦ ਕੀਏ ਜਾ ਬੰਦੇ ਮਾਲ ਕਮਾਲ ਖਜ਼ਾਨੇ ਪਾਏ । |
| ਰਿਧਿ ਸਿਧਿ ਨਉ ਨਿਧਿ । | |
| ਪ੍ਰਭ ਕੈ ਸਿਮਰਨਿ | ਰਬ ਕੀ ਯਾਦ ਕੀਏ ਜਾ ਬੰਦੇ ਦਾਨਿਸ਼, |
| ਗਿਆਨੁ ਧਿਆਨੁ ਤਤੁ ਬੁਧਿ । | ਗਿਆਨ ਔਰ ਧਿਆਨ ਭੀ ਆਏ । |
| ਪ੍ਰਭ ਕੈ ਸਿਮਰਨਿ ਜਪ ਤਪ ਪੂਜਾ । | ਰਬ ਕੀ ਯਾਦ ਕੀਏ ਜਾ ਬੰਦੇ ਜਪ ਤਪ ਪੂਜਾ ਪਾਟ ਹੈ ਯਿਹ । |
| ਪ੍ਰਭ ਕੈ ਸਿਮਰਨਿ ਬਿਨਸੈ ਦੂਜਾ । | ਰਬ ਕੀ ਯਾਦ ਕੀਏ ਜਾ ਬੰਦੇ ਖ਼ਾਸ ਦੂਈ ਕੀ ਕਾਟ ਹੈ ਯਿਹ । |
| ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ । | ਰਬ ਕੀ ਯਾਦ ਕੀਏ ਜਾ ਬੰਦੇ ਤੀਰਥ ਕਾ ਇਸ਼ਨਾਨ ਹੈ ਯਿਹ । |
| ਪ੍ਰਭ ਕੈ ਸਿਮਰਨਿ ਦਰਗਹ ਮਾਨੀ । | ਰਬ ਕੀ ਯਾਦ ਕੀਏ ਜਾ ਬੰਦੇ ਰਬ ਕੇ ਘਰ ਮੇਂ ਮਾਨ ਹੈ ਯਿਹ । |
| ਪ੍ਰਭ ਕੈ ਸਿਮਰਨਿ ਹੋਇ ਸੁ ਭਲਾ । | ਰਬ ਕੀ ਯਾਦ ਕੀਏ ਜਾ ਬੰਦੇ ਸ਼ਾਕਰ ਤੂ ਹੋ ਜਾਏਗਾ । |
| ਪ੍ਰਭ ਕੈ ਸਿਮਰਨਿ ਸੁਫਲ ਫਲਾ ।...... | ਰਬ ਕੀ ਯਾਦ ਕੀਏ ਜਾ ਬੰਦੇ ਜੀਨੇ ਕਾ ਫਲ ਪਾਏਗਾ । |
| (ਅਸ਼ਟਪਦੀ 1/5) ਵਿਚੋਂ | |
| ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥ | ਰਬ ਕੀ ਯਾਦ ਕਰੇਂ ਜੋ ਬੰਦੇ ਮਾਲ ਖ਼ਿਜ਼ਾਨੋਂ ਵਾਲੇ ਹੈਂ । |
| ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥ | ਰਬ ਕੀ ਯਾਦ ਕਰੇਂ ਜੋ ਬੰਦੇ ਇੱਜ਼ਤ ਸ਼ਾਨੋਂ ਵਾਲੇ ਹੈਂ । |
| ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥ | ਰਬ ਕੀ ਯਾਦ ਕਰੇਂ ਜੋ ਬੰਦੇ ਦੁਨਿਆਂ ਮੇਂ ਪਰਵਾਨ ਹੈਂ ਵੁਹ । |
| ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥ | ਰਬ ਕੀ ਯਾਦ ਕਰੇਂ ਜੋ ਬੰਦੇ ਪਤ ਵਾਲੇ ਪਰਧਾਨ ਹੈਂ ਵੁਹ । |
| ਪ੍ਰਭ ਕੁਉ ਸਿਮਰਹਿ ਸਿ ਬੇ ਮੁਹਤਾਜੇ ॥ | ਰਬ ਕੀ ਯਾਦ ਕਰੇਂ ਜੋ ਬੰਦੇ ਵੁਹ ਫਿਰ ਕਬ ਮੁਹਤਾਜ ਰਹੇਂ । |

## ਅਵਤਾਰ ਬਾਣੀ

ਪਦਾ: 34

ਨਿਰੰਕਾਰ ਨੂੰ ਜੋ ਪਹਿਚਾਨੇ ਜੂਨਾਂ ਦੇ ਵਿਚ ਆਉਂਦਾ ਨਹੀਂ ।
ਨਿਰੰਕਾਰ ਨੂੰ ਜੋ ਪਹਿਚਾਨੇ ਮਰਨੇ ਦਾ ਦੁਖ ਪਾਉਂਦਾ ਨਹੀਂ ।
ਨਿਰੰਕਾਰ ਨੂੰ ਜੋ ਪਹਿਚਾਨੇ ਹਰ ਦਮ ਰਹਿੰਦਾ ਏ ਮਸਰੂਰ ।
ਨਿਰੰਕਾਰ ਨੂੰ ਜੋ ਪਹਿਚਾਨੇ ਉਸ ਦੀਆਂ ਹੋਣ ਬਲਾਵਾਂ ਦੂਰ ।
ਨਿਰੰਕਾਰ ਨੂੰ ਜੋ ਪਹਿਚਾਨੇ ਦੁਖ ਨਾ ਨੇੜੇ ਆਏਗਾ ।
ਨਿਰੰਕਾਰ ਨੂੰ ਜੋ ਪਹਿਚਾਨੇ ਡਰ ਉਹਦਾ ਮਿਟ ਜਾਏਗਾ ।
ਛਡ ਦਈਏ ਜੇ ਮਾਣ ਸਿਆਣਪ ਫੇਰ ਹਰੀ ਦਾ ਰੰਗ ਮਿਲੇ ।
ਅਵਤਾਰ ਹੋਏ ਪਹਿਚਾਨ ਪ੍ਰਭੂ ਦੀ ਜੇ ਸਾਧੂ ਦਾ ਸੰਗ ਮਿਲੇ ।

ਪਦਾ: 35 ਵਿਚੋਂ :

...... ਇਹਦੀ ਯਾਦ ਕਰੀ ਜਾ ਬੰਦੇ ਮਾਲ ਖ਼ਜਾਨੇ ਪਾਏਂਗਾ ।
ਇਹਦੀ ਯਾਦ ਕਰੀ ਜਾ ਬੰਦੇ ਰਬ ਅੰਦਰ ਵਸ ਜਾਏਗਾ ।
ਇਹਦੀ ਯਾਦ ਕਰੀ ਜਾ ਬੰਦੇ ਜਪ ਤੇ ਪੂਜਾ ਪਾਠ ਹੈ ਇਹ ।
ਇਹਦੀ ਯਾਦ ਕਰੀ ਜਾ ਬੰਦੇ ਸਭ ਦੁਖਾਂ ਦੀ ਕਾਟ ਹੈ ਇਹ ।
ਇਹਦੀ ਯਾਦ ਕਰੀ ਜਾ ਬੰਦੇ ਤੀਰਥ ਤੇ ਅਸ਼ਨਾਨ ਹੈ ਇਹ ।
ਇਹਦੀ ਯਾਦ ਕਰੀ ਜਾ ਬੰਦੇ ਸੁਚ ਪੁੰਨ ਤੇ ਦਾਨ ਹੈ ਇਹ ।
ਨਿਰੰਕਾਰ ਨੂੰ ਯਾਦ ਕਰੇਂ ਤਾਂ ਸ਼ਾਕਰ ਤੂੰ ਹੋ ਜਾਏਂਗਾ ।
ਨਿਰੰਕਾਰ ਨੂੰ ਯਾਦ ਕਰੇਂ ਤਾਂ ਜੀਵਨ ਦਾ ਫਲ ਪਾਏਂਗਾ ।.........

ਪਦਾ: 36

ਨਿਰੰਕਾਰ ਨੂੰ ਜੋ ਪਹਿਚਾਨੇ ਮਾਲਕ ਕੁਲ ਖ਼ਜਾਨੇ ਦਾ ।
ਨਿਰੰਕਾਰ ਨੂੰ ਜੋ ਪਹਿਚਾਨੇ ਵਾਕਫ ਤਾਨੇ ਬਾਨੇ ਦਾ ।
ਨਿਰੰਕਾਰ ਨੂੰ ਜੋ ਪਹਿਚਾਨੇ ਦੁਨੀਆ ਵਿਚ ਪਰਵਾਨ ਹੈ ਉਹ ।
ਨਿਰੰਕਾਰ ਨੂੰ ਜੋ ਪਹਿਚਾਨੇ ਪਤ ਵਾਲਾ ਪਰਧਾਨ ਹੈ ਉਹ ।
ਇਸ ਨੂੰ ਯਾਦ ਕਰੇ ਜੋ ਬੰਦਾ ਹਰਗਿਜ਼ ਨਾ ਮੁਹਤਾਜ਼ ਰਹੇ ।

| ਸੁਖਮਨੀ ਸਾਹਿਬ ਦੀ ਮੂਲ ਬਾਣੀ | ਖ੍ਵਾਜਾ ਦਿਲ ਮੁਹਮੰਦ ਦੁਆਰਾ ਅਨੁਵਾਦ (ਉਰਦੂ ਨਜ਼ਮ) |
| --- | --- |
| ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥ | ਰਬ ਕੀ ਯਾਦ ਕਰੇਂ ਜੋ ਬੰਦੇ ਸਬ ਪਰ ਉਨਕੇ ਰਾਜ ਰਹੇਂ ।...... |
| ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥ | ਵੁਹ ਕਰਤੇ ਹੈਂ ਯਾਦ ਖ਼ੁਦਾ ਕੀ ਜਿਨ ਪਰ ਉਸਕੀ ਰਹਿਮਤ ਹੈ । |
| ਨਾਨਕ ਜਨ ਕੀ ਮੰਗੈ ਰਵਾਲਾ ॥ | ਖ਼ਾਕ ਉਨਕੇ ਕਦਮੋਂ ਕੀ ਮਾਂਗੇ ਨਾਨਕ ਕੋ ਯਿਹ ਨਿਅਮਤ ਹੈ । |

(ਅਸ਼ਟਪਦੀ 1/6) ਵਿਚੋਂ

| | |
| --- | --- |
| ...ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ ॥ | ਰਬ ਕੀ ਯਾਦ ਕਰੇਂ ਜੋ ਬੰਦੇ ਮੁਖ ਉਨਕਾ ਪੁਰ ਨੂਰ ਰਹੇ । |
| ਪ੍ਰਭ ਕਉ ਸਿਮਰਹਿ ਤਿਨ ਸੁਖਿ ਬਿਹਾਵੈ ॥ | ਰਬ ਕੀ ਯਾਦ ਕਰੇਂ ਜੋ ਬੰਦੇ ਚੈਨ ਸੇ ਮਨ ਭਰਪੂਰ ਰਹੇ । |
| ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥ | ਰਬ ਕੀ ਯਾਦ ਕਰੇਂ ਜੋ ਬੰਦੇ ਮਨ ਪਰ ਉਨਕੀ ਜੀਤ ਰਹੇ । |
| ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥ | ਰਬ ਕੀ ਯਾਦ ਕਰੇਂ ਜੋ ਬੰਦੇ ਪਾਕ ਉਨਕੀ ਹਰ ਰੀਤ ਰਹੇ ।... |

(ਅਸ਼ਟਪਦੀ 2/1) ਵਿਚੋਂ

| | |
| --- | --- |
| ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ | ਜਬ ਮਾਂ ਬਾਪ ਨਾ ਬੇਟਾ ਭਾਈ ਸੰਗੀ ਯਾਰ ਨਾ ਨਾਤੀ ਹੋ । |
| ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ | ਕਾਮ ਕਾ ਉਸ ਦਿਨ ਸਾਥੀ ਹੋ ਤੋ ਨਾਮ ਖ਼ੁਦਾ ਕਾ ਸਾਥੀ ਹੋ । |
| ਜਹ ਮਹਾ ਭਇਆਨ ਦੂਤ ਜਮ ਦਲੈ ॥ | ਮੌਤ ਕਾ ਜਬ ਖ਼ੂੰਖਾਰ ਫਰਿਸ਼ਤਾ ਤੇਰੇ ਤਨ ਕੋ ਦਲਤਾ ਹੈ । |
| ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥ | ਸਾਥ ਤੇਰੇ ਫਿਰ ਚਲਤਾ ਹੈ ਤੋ ਨਾਮ ਖ਼ੁਦਾ ਕਾ ਚਲਤਾ ਹੈ । |
| ਜਹ ਮੁਸਕਲ ਹੋਵੈ ਅਤਿ ਭਾਰੀ ॥ | ਭਾਰੀ ਕੋਈ ਮੁਸ਼ਕਿਲ ਆ ਕਰ ਜਬ ਤੁਝ ਕੋ ਹੈਰਾਨ ਕਰੇ । |
| ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ | ਪਲ ਮੇਂ ਨਾਮ ਖ਼ੁਦਾ ਕਾ ਤੇਰੀ ਹਰ ਮੁਸ਼ਕਿਲ ਆਸਾਨ ਕਰੇ । |
| ਅਨਿਕ ਪੁਨਹਚਰਨ ਕਰਤ ਨਹੀਂ ਤਰੈ ॥ | ਲਾਖ ਕਰੇ ਤੂ ਮੂਰਤੀ ਪੂਜਾ ਕੌਨ ਤੁਝੇ ਮੰਨਜ਼ੂਰ ਕਰੇ । |
| ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥ | ਪਲ ਮੇਂ ਨਾਮ ਖ਼ੁਦਾ ਕਾ ਤੇਰੇ ਪਾਪ ਕਰੋੜੋਂ ਦੂਰ ਕਰੇ । |
| ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥ | ਐ ਦਿਲ ਗੁਰ ਕੇ ਮੂੰਹ ਸੇ ਸੁਨ ਕਰ ਨਾਮ ਖ਼ੁਦਾ ਕਾ ਲੇਤਾ ਜਾ । |
| ਨਾਨਕ ਪਾਵਹੁ ਸੂਖ ਘਨੇਰੇ ॥ | ਨਾਮ ਖ਼ੁਦਾ ਕਾ ਲੇ ਕਰ ਨਾਨਕ ਰਾਹਤ ਦਿਲ ਕੋ ਦੇਤਾ ਜਾ । |

(ਅਸ਼ਟਪਦੀ 2/2) ਵਿਚੋਂ

| | |
| --- | --- |
| ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥ | ਦੁਨੀਆਂ ਭਰ ਕਾ ਰਾਜਾ ਭੀ ਦੁਖ ਪਾਤਾ ਹੈ ਦੁਖ ਸਹਿਤਾ ਹੈ । |
| ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥ | ਨਾਮ ਖ਼ੁਦਾ ਕਾ ਲੇਨੇ ਵਾਲਾ ਸੁਖ ਕੇ ਅੰਦਰ ਰਹਿਤਾ ਹੈ । |
| ਲਾਖ ਕਰੋਰੀ ਬੰਧੁ ਨ ਪਰੈ ॥ | ਲਾਖੋਂ ਔਰ ਕਰੋੜੋਂ ਬੰਧਨ ਜਕੜੇਂ ਔਰ ਫੰਸਾਏਂਗੇ । |

## ਅਵਤਾਰ ਬਾਣੀ

ਇਸ ਨੂੰ ਯਾਦ ਕਰੇ ਜੋ ਬੰਦਾ ਸਭ ਦੇ ਸਿਰ ਦਾ ਤਾਜ ਰਹੇ ।
ਉਹ ਕਰ ਸਕਦੈ ਯਾਦ ਖ਼ੁਦਾ ਦੀ ਜਿਸ ਤੇ ਗੁਰ ਦੀ ਰਹਿਮਤ ਏ ।
ਧੂੜ ਉਨ੍ਹਾਂ ਦੇ ਚਰਨਾਂ ਦੀ ਅਵਤਾਰ ਮੇਰੇ ਲਈ ਨਿਹਮਤ ਏ ।

ਪਦਾ: 37 ਵਿਚੋਂ :

ਨਿਰੰਕਾਰ ਜੋ ਚੇਤੇ ਰੱਖੇ ਹਰ ਦਮ ਚਿਹਰੇ ਨੂਰ ਰਹੇ ॥
ਨਿਰੰਕਾਰ ਜੋ ਚੇਤੇ ਰੱਖੇ ਦੁਖ ਉਹਦੇ ਤੋਂ ਦੂਰ ਰਹੇ ॥
ਇਹਦੀ ਯਾਦ ਕਰੇ ਜੋ ਬੰਦਾ ਮਨ 'ਤੇ ਉਹਦੀ ਜੀਤ ਰਹੇ ॥
ਇਹਦੀ ਯਾਦ ਕਰੇ ਜੋ ਬੰਦਾ ਹਰ ਦਮ ਨਿਰਮਲ ਰੀਤ ਰਹੇ ॥ ......

ਪਦਾ: 38

ਮਾਤਾ ਪਿਤਾ ਨਾ ਭੈਣ ਭਰਾ ਵੀ ਜਿਸਦਾ ਕੋਈ ਨਾ ਨਾਤੀ ਰਹੇ ।
ਨਿਰੰਕਾਰ ਹੀ ਉਸ ਬੰਦੇ ਦਾ ਹਰ ਦਮ ਸੰਗੀ ਸਾਥੀ ਰਹੇ ।
ਮੌਤ ਜਾਂ ਤੈਨੂੰ ਵੇਖ ਇੱਕਲਾ ਵਾਰ ਤੇਰੇ 'ਤੇ ਕਰਦੀ ਏ ।
ਪ੍ਰੀਤ ਪ੍ਰਭੂ ਦੀ ਉਸ ਥਾਂ 'ਤੇ ਵੀ ਤੇਰੀ ਰਖਸ਼ਾ ਕਰਦੀ ਏ ।
ਔਕੜ ਮੁਸ਼ਕਿਲ ਵੱਡੀ ਆਕੇ ਜਾਂ ਤੈਨੂੰ ਹੈਰਾਨ ਕਰੇ ।
ਨਿਰੰਕਾਰ ਇਕ ਪਲ ਵਿਚ ਤੇਰੀ ਹਰ ਮੁਸ਼ਕਿਲ ਆਸਾਨ ਕਰੇ ।
ਲਖ ਲਖ ਰਬ ਨੂੰ ਪੂਜੇਂ ਭਾਵੇਂ ਰਬ ਨਾ ਪਰ ਮੰਨਜ਼ੂਰ ਕਰੇ ।
ਜਾਣ ਕੇ ਇਕੋ ਵਾਰ ਕਹੇਂ ਜੇ ਪਾਪ ਕਰੋੜਾਂ ਦੂਰ ਕਰੇ ।
ਹੇ ਮਨ ਗੁਰ ਦੇ ਮੂੰਹੋ ਸੁਣਕੇ ਨਾਮ ਪ੍ਰਭੂ ਦਾ ਲੈਂਦਾ ਜਾ।
ਕਹੇ ਅਵਤਾਰ ਸਮਝ ਕੇ ਰਬ ਨੂੰ ਤੂੰਹੀਂ ਤੂੰਹੀਂ ਕਹਿੰਦਾ ਜਾ।

ਪਦਾ: 39

ਭਾਵੇਂ ਜਗ ਦਾ ਰਾਜਾ ਹੋਵੇ ਦੁਖ ਪਾਂਦਾ ਦੁਖ ਸਹਿੰਦਾ ਏ ।
ਰਾਮ ਰਮੇਂ ਨੂੰ ਜਾਨਣ ਵਾਲਾ ਹਰ ਦਮ ਸੁਖ ਵਿਚ ਰਹਿੰਦਾ ਹੈ ।
ਲੱਖਾਂ ਅਤੇ ਕਰੋੜਾਂ ਬੰਧਨ ਜੀਵਨ ਨੂੰ ਚੱਟ ਜਾਂਦੇ ਨੇ ।

| ਸੁਖਮਨੀ ਸਾਹਿਬ ਦੀ ਮੂਲ ਬਾਣੀ | ਖ੍ਵਾਜਾ ਦਿਲ ਮੁਹਮੰਦ ਦੁਆਰਾ ਅਨੁਵਾਦ (ਉਰਦੂ ਨਜ਼ਮ) |
|---|---|
| ਹਰਿ ਕਾ ਨਾਮੁ ਜਪਤ ਨਿਸਤਰੈ ॥ | ਨਾਮ ਖ਼ੁਦਾ ਕਾ ਲੇਨੇ ਸੇ ਵੁਹ ਸਬ ਕੇ ਸਬ ਖੁਲ ਜਾਏਂਗੇ । |
| ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥ | ਇਸ ਮਾਇਆ ਕੇ ਰੰਗਾ-ਰੰਗੀ ਐਸ਼/ਬੁਝਾਏਂ ਪਿਆਸ ਕਹਾਂ । |
| ਹਰਿ ਕਾ ਨਾਮੁ ਜਪਤ ਆਘਾਵੈ ॥ | ਨਾਮ ਖ਼ੁਦਾ ਕਾ ਜਪਨੇ ਸੇ ਰਹਿਤੀ ਹੈ ਪਿਆਸ ਤਰਾਸ ਕਹਾਂ । |
| ਜਿਹ ਮਾਰਗਿ ਇਹੁ ਜਾਤ ਇਕੇਲਾ ॥ | ਜਿਸ ਰਸਤੇ ਪਰ ਆਖਿਰ ਕੋ ਤੂ ਆਪ ਅਕੇਲਾ ਜਾਤਾ ਹੈ । |
| ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥ | ਨਾਮ ਖ਼ੁਦਾ ਕਾ ਸਾਥ ਚਲੇ ਜੋ ਮਨ ਤੇਰਾ ਬਹਿਲਾਤਾ ਹੈ । |
| ਐਸਾ ਨਾਮੁ ਮਨ ਸਦਾ ਧਿਆਈਐ ॥ | ਨਾਮ ਖ਼ੁਦਾ ਕਾ ਐਸਾ ਹੈ ਤੂ ਉਸ ਪਰ ਧਿਆਨ ਜਮਾਏ ਜਾ । |
| ਨਾਨਕ ਗੁਰਮੁਖਿ ਪਰਮ ਗਤਿ ਪਾਈਐ ॥ | ਸੁਨ ਕਰ ਬਾਤ ਗੁਰੂ ਕੀ ਨਾਨਕ ਆਅਲਾ ਮੰਨਜ਼ਿਲ ਪਾਏ ਜਾ । |

(ਅਸ਼ਟਪਦੀ 2/3) ਵਿਚੋਂ

| | |
|---|---|
| ਛੂਟਤ ਨਹੀ ਕੋਟਿ ਲਖ ਬਾਹੀ ॥ | ਲਾਖੋਂ ਬਾਜ਼ੂ ਹੋਨੇ ਪਰ ਭੀ ਕਬ ਤੇਰਾ ਛੁਟਕਾਰਾ ਹੈ । |
| ਨਾਮ ਜਪਤ ਤਹ ਪਾਰਿ ਪਰਾਹੀ ॥ | ਨਾਮ ਲੀਏ ਜਾ ਨਾਮ ਲੀਏ ਜਾ ਇਸ ਸੇ ਪਾਰ ਉਤਾਰਾ ਹੈ । |
| ਅਨਿਕ ਬਿਘਨ ਜਹ ਆਇ ਸੰਘਾਰੈ ॥ | ਸੌ ਸੌ ਮੁਸ਼ਕਿਲ ਭਾਰੀ ਭੀ ਗਰ ਤੇਰੀ ਰਾਹ ਮੇਂ ਆਏਗੀ । |
| ਹਰਿ ਕਾ ਨਾਮੁ ਤਤਕਾਲ ਉਧਾਰੈ ॥ | ਯਾਦ ਖ਼ੁਦਾ ਕੀ ਫੌਰਨ ਤੇਰਾ ਬੇੜਾ ਪਾਰ ਲਗਾਏਗੀ । |
| ਅਨਿਕ ਜੋਨਿ ਜਨਮੈ ਮਰਿ ਜਾਮ ॥ | ਸੌ ਸੌ ਜੂਨੇਂ ਭੋਗੇ ਬੰਦਾ ਜਾਤਾ ਹੈ ਫਿਰ ਆਤਾ ਹੈ । |
| ਨਾਮੁ ਜਪਤ ਪਾਵੈ ਬਿਸ੍ਰਾਮ ॥ | ਜਪਤਾ ਹੈ ਜਬ ਨਾਮ ਖ਼ੁਦਾ ਕਾ ਚੈਨ, ਸਕੂੰ ਵੁਹ ਪਾਤਾ ਹੈ । |
| ਹਉ ਮੈਲਾ ਮਲੁ ਕਬਹੁ ਨ ਧੋਵੈ ॥ | ਮੈਲ ਖ਼ੁਦੀ ਕਾ ਦੂਰ ਹੋ ਕਿਓਂਕਰ ਮਲ ਮਲ ਕਰ ਤਨ ਧੋਨੇ ਸੇ । |
| ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥...... | ਪਾਪ ਕਰੋੜੋਂ ਦੂਰ ਹੋਂ ਤੇਰੇ ਯਾਦ ਖ਼ੁਦਾ ਕੀ ਹੋਨੇ ਸੇ । |

(ਅਸ਼ਟਪਦੀ 2/5) ਵਿਚੋਂ

| | |
|---|---|
| ...ਹਰਿ ਜਸੁ ਕਰਤ ਸੰਤ ਦਿਨੁ ਰਾਤਿ ॥ | ਰਾਤ ਹੋ ਦਿਨ ਹੋ ਸੰਤ ਹਮੇਸ਼ਾ ਦਾਤਾ ਕੇ ਗੁਨ ਗਾਤੇ ਹੈਂ । |
| ਹਰਿ ਹਰਿ ਅਉਖਧੁ ਸਾਧ ਕਮਾਤਿ ॥ | ਨਾਮ ਕੀ ਦਾਰੂ ਦੇ ਕਰ ਸਾਧੂ ਸਾਰੇ ਰੋਗ ਗਵਾਂਤੇ ਹੈ । |
| ਹਰਿ ਜਨ ਕੈ ਹਰਿ ਨਾਮੁ ਨਿਧਾਨੁ ॥ | ਰਬ ਵਾਲੋਂ ਕੋ ਨਾਮ ਹੀ ਰਬ ਕਾ ਦੌਲਤ ਹੈ ਗੁੰਜੀਨਾ ਹੈ । |
| ਪਾਰਬ੍ਰਹਮਿ ਜਨ ਕੀਨੋ ਦਾਨ ॥... | ਪਾਕ ਖ਼ੁਦਾ ਨੇ ਉਨਕੋ ਬਖ਼ਸ਼ਾ ਅਪਨਾ ਖ਼ਾਸ ਖ਼ਜ਼ੀਨਾ ਹੈ ।... |

(ਅਸ਼ਟਪਦੀ 2/6) ਵਿਚੋਂ

| | |
|---|---|
| ਹਰਿ ਕਾ ਨਾਮੁ ਕਉ ਮੁਕਤਿ ਜੁਗਤਿ ॥ | ਨਾਮ ਖ਼ੁਦਾ ਕਾ ਬੰਦੋਂ ਕੋ ਮੁਕਤੀ ਕੀ ਰਾਹ ਦਿਖਾਤਾ ਹੈ । |
| ਹਰਿ ਕੈ ਨਾਮਿ ਕਉ ਤ੍ਰਿਪਤਿ ਭੁਗਤਿ ॥ | ਨਾਮ ਖ਼ੁਦਾ ਕਾ ਲੇਨੇ ਹੀ ਸੇ ਸਬਰ ਸਕੂਨ ਮਿਲ ਜਾਤਾ ਹੈ । |

## ਅਵਤਾਰ ਬਾਣੀ

ਨਾਮ ਗੁਰੂ ਦਾ ਜੇ ਕਰ ਲਈਏ ਸਾਰੇ ਹੀ ਕਟ ਜਾਂਦੇ ਨੇ।
ਇਸ ਦੁਨੀਆਂ ਦੀ ਰੰਗ-ਬਰੰਗੀ ਐਸ਼ ਬੁਝਾਂਦੀ ਪਿਆਸ ਨਹੀਂ।
ਨਾਮ ਹਰੀ ਦਾ ਜੇਕਰ ਲਈਏ ਰਹਿੰਦੀ ਪਿਆਸ ਤਰਾਸ ਨਹੀਂ।
ਜਿਸ ਰਸਤੇ ਤੇ ਆਖ਼ਰ ਨੂੰ ਤੂੰ ਬਿਲਕੁਲ ਕੱਲਾ ਜਾਏਂਗਾ।
ਨਿਰੰਕਾਰ ਜੇ ਸਾਥੀ ਹੋਵੇ ਹਰਗਿਜ਼ ਨਾ ਘਬਰਾਏਂਗਾ।
ਨਿਰੰਕਾਰ ਇਹ ਠੰਢ ਨਿਰੀ ਏ ਦਿਲ ਵਿਚ ਖ਼ੂਬ ਵਸਾਈ ਜਾ।
ਅਵਤਾਰ ਕਹੇ ਗਲ ਮੰਨ ਗੁਰੂ ਦੀ ਨਿਜ ਘਰ ਡੇਰਾ ਲਾਈ ਜਾ।

ਪਦਾ: 40

ਹੋਵੇਂ ਜੇ ਲਖ ਬਾਹਵਾਂ ਵਾਲਾ ਤਾਂ ਵੀ ਤੇ ਛੁਟਕਾਰਾ ਨਹੀਂ।
ਨਾਮ ਲਈ ਜਾ ਨਾਮ ਜਪੀ ਜਾ ਇਸ ਬਿਨ ਪਾਰ ਉਤਾਰਾ ਨਹੀਂ।
ਸੌ ਸੌ ਮੁਸ਼ਕਿਲ ਭਾਰੀ ਵੀ ਜੇ ਰਾਹ ਵਿਚ ਤੇਰੀ ਆ ਜਾਏ।
ਯਾਦ ਹਰੀ ਦੀ ਛਿਨ ਵਿਚ ਆਕੇ ਬੇੜਾ ਪਾਰ ਲਗਾ ਜਾਏ।
ਸੌ ਸੌ ਜੂਨਾਂ ਭੁਗਤੇ ਬੰਦਾ ਆਉਂਦਾ ਜਾਂਦਾ ਰਹਿੰਦਾ ਏ।
ਹਰ ਨੂੰ ਜਿਹੜਾ ਜਾਣ ਲਏ ਉਹ ਘਰ ਵਾਲਾ ਹੋ ਜਾਂਦਾ ਏ।
ਮੈਲ ਦਿਲਾਂ ਦੀ ਜਾਂਦੀ ਨਹੀਂ ਜੇ ਤੀਰਥ ਪਿੰਡਾਂ ਧੋ ਲਈਏ।
ਪਾਪ ਕਰੋੜਾਂ ਧੁਲ ਜਾਂਦੇ ਅਵਤਾਰ ਜੇ ਗੁਰ ਦਾ ਹੋ ਰਹੀਏ।

ਪਦਾ: 41 ਵਿਚੋਂ:

......ਦਿਨ ਤੇ ਰਾਤੀਂ ਸੰਤ ਹਮੇਸ਼ਾ ਸਿਫ਼ਤ ਹਰੀ ਦੀ ਗਾਂਦੇ ਨੇ।
ਨਾਮ ਦਾ ਦਾਰੂ ਪੀ ਪੀ ਸਾਧੂ ਸਾਰੇ ਰੋਗ ਗਵਾਂਦੇ ਨੇ।
ਨਾਂ ਹੀ ਰਬ ਦਾ ਰਬ ਵਾਲੇ ਲਈ ਇਕੋ ਇਕ ਸਹਾਰਾ ਏ।
ਉਠਦੇ ਬਹਿੰਦੇ ਖਾਂਦੇ ਪੀਂਦੇ ਨਾਮ ਗੁਰੂ ਦਾ ਪਿਆਰਾ ਏ। ......

ਪਦਾ: 42 ਵਿਚੋਂ:

ਗਿਆਨ ਗੁਰੂ ਦਾ ਇਨਸਾਨਾਂ ਨੂੰ ਰਬ ਦਾ ਘਰ ਦਿਖਲਾਂਦਾ ਏ।
ਗਿਆਨ ਗੁਰੂ ਦਾ ਇਨਸਾਨਾਂ ਨੂੰ ਮੁਕਤੀ ਮਾਰਗ ਪਾਂਦਾ ਏ।

| ਸੁਖਮਨੀ ਸਾਹਿਬ ਦੀ ਮੂਲ ਬਾਣੀ | ਖ੍ਵਾਜਾ ਦਿਲ ਮੁਹਮੰਦ ਦੁਆਰਾ ਅਨੁਵਾਦ (ਉਰਦੂ ਨਜ਼ਮ) |
|---|---|
| ਹਰਿ ਕਾ ਨਾਮੁ ਜਨ ਕਾ ਰੂਪ ਰੰਗੁ ॥ | ਰਬ ਵਾਲੋਂ ਕਾ ਨਾਮ ਹੈ ਬਿਹਤਰ ਰੂਪ ਨਹੀਂ ਔਰ ਰੰਗ ਨਹੀਂ । |
| ਹਰਿ ਨਾਮੁ ਜਪਤ ਕਬ ਪਰੈ ਨ ਭੰਗੁ ॥ | ਨਾਮ ਖ਼ੁਦਾ ਕਾ ਜਪਨੇ ਸੇ ਫਿਰ ਰੰਗ ਮੇਂ ਹੋਤੀ ਭੰਗ ਨਹੀਂ । |
| ਹਰਿ ਕਾ ਨਾਮੁ ਜਨ ਕੀ ਵਡਿਆਈ ॥ | ਨਾਮ ਖ਼ੁਦਾ ਕਾ ਜਪਨੇ ਸੇ ਸਾਧੋਂ ਕੀ ਸ਼ਾਨ ਬੜਾਈ ਹੈ । |
| ਹਰਿ ਕੈ ਨਾਮਿ ਜਨ ਸੋਭਾ ਭਾਈ ॥ | ਨਾਮ ਖ਼ੁਦਾ ਕਾ ਜਪਨੇ ਸੇ ਸੰਤੋਂ ਨੇ ਸੋਭਾ ਪਾਈ ਹੈ । |
| ਹਰਿ ਕਾ ਨਾਮੁ ਜਨ ਕਉ ਭੋਗ ਜੋਗ ॥ | ਨਾਮ ਖ਼ੁਦਾ ਕਾ ਭੋਗ ਭੀ ਹੈ ਔਰ ਨਾਮ ਖ਼ੁਦਾ ਕਾ ਯੋਗ ਭੀ ਹੈ । |
| ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ ॥ | ਨਾਮ ਖ਼ੁਦਾ ਕਾ ਜਪਨੇ ਸੇ ਸਬ ਜਾਤਾ ਰੋਗ ਬਿਓਗ ਭੀ ਹੈ । |
| ਜਨੁ ਰਾਤਾ ਹਰਿ ਨਾਮ ਕੀ ਸੇਵਾ ॥...... | ਰੰਗੇ ਹੈਂ ਜੋ ਨਾਮ ਮੇਂ ਰਬ ਕੇ ਨਾਮ ਕੀ ਸੇਵਾ ਕਰਤੇਂ ਹੈਂ ।...... |
| (ਅਸ਼ਟਪਦੀ 3/1) ਵਿਚੋਂ | |
| ਜਾਪ ਤਾਪ ਗਿਆਨ ਸਭਿ ਧਿਆਨ ॥ | ਜਪ ਭੀ ਕਰ ਲੇ ਤਪ ਭੀ ਕਰ ਲੇ ਗਿਆਨ ਔਰ ਧਿਆਨ ਕਮਾਏ ਜਾ । |
| ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥ | ਸਿਮਰਿਤੀਓਂ ਛੇ ਸ਼ਾਸਤਰੋਂ ਕੀ ਬਾਨੀ ਖੋਲ ਸੁਨਾਏ ਜਾ । |
| ਜੋਗ ਅਭਿਅਸ ਕਰਮ ਧ੍ਰਮ ਕਿਰਿਆ ॥ | ਯੋਗ ਕਰਮ ਔਰ ਕਿਰਿਆ ਕਰ ਲੇ ਧਰਮ ਭੀ ਪੂਰਾ ਤੇਰਾ ਹੋ । |
| ਸਗਲ ਤਿਆਗਿ ਬਨ ਮਧੇ ਫਿਰਿਆ ॥ | ਤਿਆਗ ਕੇ ਸਬ ਕੁਛ ਦੁਨੀਆਂ ਕਾ ਜੰਗਲ ਮੇਂ ਤੇਰਾ ਫੇਰਾ ਹੋ । |
| ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥ | ਰੰਗਾ-ਰੰਗੀ ਢੰਗ ਕੀਏ ਜਾ ਕਰਤਾ ਜਾ ਦਿਨ ਰਾਤ ਜਤਨ । |
| ਪੁੰਨ ਦਾਨ ਹੋਮੇ ਬਹੁ ਰਤਨਾ ॥ | ਕਾਮ ਭੀ ਕਰ ਪੁੰਨ ਦਾਨ ਹਵਨ ਕੇ ਦੇਤਾ ਜਾ ਖ਼ੈਰਾਤ ਰਤਨ । |
| ਸਰੀਰੁ ਕਟਾਇ ਹੋਮੈ ਕਰਿ ਰਾਤੀ ॥ | ਕਾਟ ਕੇ ਅਪਨੇ ਤਨ ਕੇ ਟੁਕੜੇ ਰੋਜ਼ ਹਵਨ ਭੀ ਕਰਤਾ ਜਾ । |
| ਵਰਤ ਨੇਮ ਕਰੈ ਬਹੁ ਭਾਤਿ ॥ | ਬਰਤ ਕੀਏ ਜਾ ਨੇਮ ਕੀਏ ਜਾ ਭਰਨੇ ਸਾਰੇ ਭਰਤਾ ਜਾ । |
| ਨਹੀਂ ਤੁਲਿ ਰਾਮ ਨਾਮ ਬੀਚਾਰ ॥ | ਤੋਲ ਖ਼ੁਦਾ ਕੇ ਨਾਮ ਨਾ ਹੋਗਾ ਫਿਰ ਭੀ ਤੇਰਾ ਕਾਰ ਕਭੀ । |
| ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥ | ਗੁਰ ਕੇ ਮੂੰਹ ਸੇ ਸੁਨ ਕਰ ਨਾਨਕ ਜਪ ਲੇ ਨਾਮ ਇਕ ਬਾਰ ਕਭੀ । |
| (ਅਸ਼ਟਪਦੀ 3/2) ਵਿਚੋਂ | |
| ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥ | ਫਿਰ ਲੇ ਨੌ ਅਕਲੀਮੋਂ ਮੇਂ ਉਮਰੇਂ ਭੀ ਲੰਬੀ ਪਾਏ ਜਾ । |
| ਮਹਾ ਉਦਾਸੁ ਤਪੀਸਰੁ ਥੀਵੈ ॥ | ਆਅਲਾ ਤਾਰਕ ਔਰ ਤਪਸਵੀ ਬਨ ਕਰ ਜ਼ੁਹਦ ਕਮਾਏ ਜਾ । |
| ਅਗਨਿ ਮਾਹਿ ਹੋਮਤ ਪਰਾਨ ॥ | ਜੀਤੇ ਜੀ ਤੂ ਆਗ ਮੇਂ ਜਲ ਜਾ ਜਾਨ ਆਪਨੀ ਕੁਰਬਾਨ ਭੀ ਕਰ । |
| ਕਨਿਕ ਅਸ੍ਵ ਹੈਵਰ ਭੂਮਿ ਦਾਨ ॥ | ਸੋਨਾ ਦੇ ਦੇ ਘੋੜਾ ਦੇ ਦੇ ਭੂਮੀ ਧਨ ਕਾ ਦਾਨ ਭੀ ਕਰ । |
| ਨਿਉਲੀ ਕਰਮ ਕਰੈ ਬਹੁ ਆਸਨ ॥ | ਨਿਉਲੀ ਕਰਮ ਭੀ ਹਾਸਲ ਕਰ ਲੇ ਆਸਨ ਲਾਖ ਬਦਲਤਾ ਜਾ । |
| ਜੈਨ ਮਾਰਗ ਸੰਜਮ ਅਤਿ ਸਾਧਨ ॥...... | ਸਾਧਨ ਸੰਜਮ ਕਰਤਾ ਜਾ ਔਰ ਜੈਨੀ ਮਾਰਗ ਚਲਤਾ ਜਾ ।...... |
| ...ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥ | ...ਇਸ ਕੇ ਤੁਲ ਕੀ ਚੀਜ਼ ਨਹੀਂ ਕੁਛ ਨਾਮ ਖ਼ੁਦਾ ਕਾ ਨਿਆਰਾ ਹੈ । |
| ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥ | ਗੁਰ ਸੇ ਸੁਨ ਕਰ ਨਾਮ ਲੀਏ ਜਾ ਨਾਨਾਕ ਤਬ ਛੁਟਕਾਰਾ ਹੈ । |

## ਅਵਤਾਰ ਬਾਣੀ

ਗੁਰ ਵਾਲੇ ਉਸ ਰੰਗ ਨੂੰ ਮਾਨਣ ਜਿਸਦਾ ਰੂਪ ਤੇ ਰੰਗ ਨਹੀਂ ।
ਸਤਿਗੁਰ ਵਾਲੇ ਜਿਸ ਰੰਗ ਰੰਗੇ ਉਸ ਵਿਚ ਪੈਂਦੀ ਭੰਗ ਨਹੀਂ ।
ਗਿਆਨ ਗੁਰੂ ਦਾ ਸਾਧ ਦੀ ਪੂੰਜੀ ਏਹੋ ਹੀ ਵਡਿਆਈ ਏ ।
ਗਿਆਨ ਗੁਰੂ ਦਾ ਰੱਖ ਕੇ ਸੀਨੇ ਸੰਤਾ ਸੋਭਾ ਪਾਈ ਏ ।
ਨਾਮ ਹਰੀ ਦਾ ਸਾਰ ਗੁਰੂ ਦੀ ਨਾਮ ਹਰੀ ਦਾ ਯੋਗ ਵੀ ਏ ।
ਨਾਮ ਹਰੀ ਦਾ ਪ੍ਰਾਣ ਤੇ ਪਿੰਡਾ ਨਾਮ ਦਵਾਈ ਰੋਗ ਵੀ ਏ ।
ਰੰਗ ਨੇ ਜੋ ਗਿਆਨ ਗੁਰੂ ਦੇ ਹਰ ਦੀ ਸੇਵਾ ਕਰਦੇ ਨੇ । ......

ਪਦਾ: 43

ਜਪ ਵੀ ਕਰ ਲੈ ਤਪ ਵੀ ਕਰ ਲੈ ਸੁੰਨ ਸਮਾਧ ਲਗਾਈ ਜਾ ।
ਲੱਖਾਂ ਵੇਦ ਗ੍ਰੰਥਾਂ ਤਾਈਂ ਪੜ੍ਹ ਪੜ੍ਹ ਰੱਟੇ ਲਾਈ ਜਾ ।
ਯੋਗ ਨਿਉਲੀ ਕਿਰਿਆ ਕਰ ਲੈ ਕਰਮ ਧਰਮ ਬਹੁਤੇਰਾ ਵੀ ।
ਛਡ ਦੇ ਭਾਵੇਂ ਦੁਨੀਆ ਤਾਈਂ ਲਾ ਲੈ ਜੰਗਲੀਂ ਡੇਰਾ ਵੀ ।
ਆਸਨ ਪੁੱਠੇ ਸਿੱਧੇ ਲਾ ਕੇ ਕਰ ਲੈ ਚਾਹੇ ਹਜ਼ਾਰ ਯਤਨ ।
ਲਖ ਬਣਾ ਲੈ ਠਾਕਰ ਦੁਆਰੇ ਦਾਨ ਕਰੀ ਜਾ ਲਾਲ ਰਤਨ ।
ਕਰ ਕਰ ਟੋਟੇ ਆਪਣੇ ਤਨ ਦੇ ਭਾਵੇਂ ਯੱਗ ਕਰਾਂਦਾ ਜਾ ।
ਵਰਤ ਨਿਭਾ ਕੇ ਰਹਿ ਕੇ ਭੁੱਖਾ ਸੌ ਸੌ ਦੁਖ ਉਠਾਂਦਾ ਜਾ ।
ਰਬ ਨੂੰ ਫਿਰ ਵੀ ਪਹੁੰਚ ਨਾ ਸਕੇਂ ਸਭ ਕੁਝ ਹੀ ਬੇਕਾਰ ਸਮਝ ।
ਗੁਰ ਦੇ ਮੁਖ ਤੋਂ ਸੁਣਕੇ ਰਬ ਨੂੰ ਕਹੇ ਅਵਤਾਰ ਇਕ ਵਾਰ ਸਮਝ ।

ਪਦਾ: 44 ਵਿਚੋਂ:

ਸਾਰੀ ਧਰਤੀ ਭੌਂ ਲੈ ਭਾਵੇਂ ਲੰਮੀ ਉਮਰ ਹੰਢਾਈ ਜਾ ।
ਕਾਬੇ ਤੀਰਥ ਕਾਸ਼ੀ ਜਾ ਕੇ ਮਲ ਮਲ ਪਿੰਡਾ ਨਹਾਈ ਜਾ ।
ਜੀਉਂਦੇ ਜੀ ਵੀ ਸੜ ਕੇ ਜੇ ਤੂੰ ਜਾਨ ਆਪਣੀ ਕੁਰਬਾਨ ਕਰੇਂ ।
ਤਨ ਤੇਰਾ ਜੇ ਖਾਣ ਦਰਿੰਦੇ ਆਪਣੇ ਲਹੂ ਦਾ ਦਾਨ ਕਰੇਂ ।
ਨਿਉਲੀ ਕਰਮ ਕਮਾਕੇ ਭਾਵੇਂ ਆਸਣ ਲੱਖ ਬਦਲਦਾ ਜਾ ।
ਸਾਧਨ ਸੰਜਮ ਕਰ ਕਰ ਲੱਖਾਂ ਮਾਰਗ ਲਖ ਬਦਲਦਾ ਜਾ । ......
ਨਿਰੰਕਾਰ ਜਹੀ ਚੀਜ਼ ਕੋਈ ਨਹੀਂ ਨਾਮ ਹਰੀ ਦਾ ਨਿਆਰਾ ਏ ।
ਅਵਤਾਰ ਕਹੇ ਜੇ ਗੁਰ ਤੋਂ ਬੁਝੇਂ ਤਾਂਹੀਉਂ ਪਾਰ ਉਤਾਰਾ ਏ ।

| ਸੁਖਮਨੀ ਸਾਹਿਬ ਦੀ ਮੂਲ ਬਾਣੀ | ਖ਼੍ਵਾਜਾ ਦਿਲ ਮੁਹਮੰਦ ਦੁਆਰਾ ਅਨੁਵਾਦ (ਉਰਦੂ ਨਜ਼ਮ) |
|---|---|
| (ਅਸ਼ਟਪਦੀ 3/4) ਵਿਚੋਂ | |
| ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥ | ਜਿਤਨਾ ਸਿਆਣਾ ਬੰਦਾ ਹੋਗਾ ਉਤਨਾ ਮੌਤ ਡਰਾਏਗੀ । |
| ਅਨਿਕ ਜਤਨ ਕਰਿ ਤ੍ਰਿਸਨ ਨ ਧ੍ਰਾਪੈ ॥...... | ਕਰਤਾ ਜਾਏ ਲਾਖ ਜਤਨ, ਕਬ ਕੋਸ਼ਿਸ਼ ਪਿਆਸ ਬੁਝਾਏਗੀ ।...... |
| ...ਅਵਰ ਕਰਤੂਤਿ ਸਗਲੀ ਜਮੁ ਡਾਨੈ ॥ | ...ਮੌਤ ਤੇਰੇ ਕਰਤੂਤ ਸੇ ਤੁਝ ਕੋ ਕਲ ਮੁਜਰਿਮ ਗਰਦਾਨੇਗੀ । |
| ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥ | ਮੌਤ ਅਗਰ ਕੁਛ ਮਾਨੇਗੀ ਤੋਂ ਨਾਮ ਖ਼ੁਦਾ ਕਾ ਮਾਨੇਗੀ । |
| ਹਰਿ ਕਾ ਨਾਮੁ ਜਪਤ ਦੁਖੁ ਜਾਇ ॥ | ਨਾਮ ਖ਼ੁਦਾ ਕਾ ਲੇਨੇ ਸੇ ਸੁਖ ਆਤਾ ਹੈ ਦੁਖ ਜਾਤਾ ਹੈ । |
| ਨਾਨਕ ਬੋਲੈ ਸਹਜਿ ਸੁਭਾਇ ॥ | ਨਾਨਕ ਕਿਸ ਆਸਾਨੀ ਸੇ ਯਿਹ ਨਾਮ ਜ਼ੁਬਾਂ ਪਰ ਆਤਾ ਹੈ । |
| | |
| (ਅਸ਼ਟਪਦੀ 3/7) ਵਿਚੋਂ | |
| ਨਿਰਧਨ ਕਉ ਧਨੁ ਤੇਰਾ ਨਾਉ ॥ | ਜ਼ਰ ਸੇ ਜੋ ਬੇ-ਜ਼ਰ ਹੈ ਉਸਕਾ ਮਾਲ ਖ਼ਜ਼ਾਨਾ ਨਾਮ ਤਿਰਾ । |
| ਨਿਥਾਵੇ ਕਉ ਨਾਉ ਤੇਰਾ ਥਾਉ ॥ | ਘਰ ਸੇ ਜੋ ਬੇ-ਘਰ ਹੈ ਉਸਕਾ ਠੋਰ ਠਿਕਾਨਾ ਨਾਮ ਤਿਰਾ । |
| ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥ | ਜਿਸ ਕਾ ਕੋਈ ਮਾਨ ਨਹੀਂ ਉਸ ਬੇ-ਮਾਇਆ ਕਾ ਮਾਨ ਹੈ ਤੂ । |
| ਸਗਲ ਘਟਾ ਕਉ ਦੇਵਹੁ ਦਾਨੁ ॥ | ਸਬ ਦੁਨੀਆ ਲੇਤੀ ਹੈ ਤੁਝ ਸੇ ਸਬ ਕੋ ਦੇਤਾ ਦਾਨ ਹੈ ਤੂ । |
| ਕਰਨ ਕਰਾਵਨਹਾਰ ਸੁਆਮੀ ॥ | ਹਰ ਕਾਰਜ ਕਾ ਕਾਰਨ ਹੈ ਤੂ ਸਬ ਕਾ ਆਪ ਸਵਾਮੀ ਹੈ । |
| ਸਗਲ ਘਟਾ ਕੇ ਅੰਤਰਜਾਮੀ ॥ | ਸਬ ਕੇ ਦਿਲ ਕੇ ਹਾਲ ਸੇ ਵਾਕਿਫ਼ ਤੂ ਹੀ ਅੰਤਰਜਾਮੀ ਹੈ । |
| ਅਪਨੀ ਗਤਿ ਮਿਤਿ ਜਾਨਹੁ ਆਪੇ ॥...... | ਆਪਨੇ ਹਾਲ ਔਰ ਅਪਨੀ ਹੱਦ ਕੋ ਮਾਲਿਕ ਜਾਨੇ ਖ਼ੂਬ ਤੂ ਹੀ ।...... |
| | |
| (ਅਸ਼ਟਪਦੀ 4/3 ਅਤੇ 4/5) ਵਿਚੋਂ | |
| ਆਦਿ ਅੰਤਿ ਜੋ ਰਾਖਨਹਾਰੁ ॥ | ਵਾਲੀ ਹੈ ਵੁਹ ਅੱਵਲ ਭੀ, ਵੁਹ ਆਖਿਰ ਮੇਂ ਭੀ ਵਾਲੀ ਹੈ । |
| ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ ॥...... | ਜਿਸ ਕੋ ਉਸ ਸੇ ਪ੍ਰੀਤ ਨਹੀਂ, ਵੁਹ ਸੋਚ ਸਮਝ ਸੇ ਖਾਲੀ ਹੈ ।...... |
| ਕਰਤੂਤਿ ਪਸੂ ਕੀ ਮਾਨਸ ਜਾਤਿ ॥ | ਸਵਾਂਗ ਭਰੇ ਇਨਸਾਨੋਂ ਕੀ ਕਰਤੂਤ ਮਗਰ ਹੈਵਾਨੋਂ ਕੇ । |
| ਲੋਕ ਪਚਾਰਾ ਕਰੈ ਦਿਨੁ ਰਾਤਿ ॥ | ਛਲਤਾ ਹੈ ਦਿਨ ਰਾਤ ਜਹਾਂ ਕੋ, ਕਾਮ ਕਰੇ ਸ਼ੈਤਾਨੋ ਕੇ । |
| ਬਾਹਰਿ ਭੇਖ ਅੰਤਰਿ ਮਲੁ ਮਾਇਆ ॥ | ਭੇਸ ਬਨਾਏ ਉਜਲਾ ਉਜਲਾ ਮਨ ਮੇਂ ਮੈਲੀ ਮਾਇਆ ਹੈ । |
| ਛਪਸਿ ਨਾਹਿ ਕਛੁ ਕਰੈ ਛਪਾਇਆ ॥ | ਛੁਪਤੇ ਹੈਂ ਕਰਤੂਤ ਕਹਾਂ ਗੋ ਇਸਨੇ ਲਾਖ ਛੁਪਾਇਆ ਹੈ । |
| ਬਾਹਰਿ ਗਿਆਨ ਧਿਆਨ ਇਸਨਾਨ ॥ | ਗਿਆਨ ਕਮਾਏ ਧਿਆਨ ਲਗਾਏ ਤੀਰਥ ਕਾ ਇਸ਼ਨਾਨ ਕਰੇ । |
| ਅੰਤਰਿ ਬਿਆਪੈ ਲੋਭੁ ਸੁਆਨ ॥ | ਲੋਭ ਕਾ ਕੁੱਤਾ ਮਨ ਮੇਂ ਬੈਠਾ ਭੌਂਕੇ ਔਰ ਹਲਕਾਨ ਕਰੇ । |
| ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥ | ਹਿਰਸ ਕੇ ਸ਼ੋਅਲੇ ਦਿਲ ਮੇਂ ਭੜਕੇਂ ਅੰਗ ਭਿਭੂਤ ਰਮਾਈ ਹੈ । |

## ਅਵਤਾਰ ਬਾਣੀ

ਪਦਾ: 45 ਵਿਚੋਂ:

ਜਿੰਨਾ ਸਿਆਣਾ ਹੋਵੇ ਬੰਦਾ ਓਨਾ ਮੌਤ ਡਰਾਂਦੀ ਏ।
ਜਿਉਂ ਜਿਉਂ ਪੈਂਡਾ ਕਰਦੀ ਕਰਣੀ ਪਿਆਸ ਵੀ ਵਧਦੀ ਜਾਂਦੀ ਏ। ......
ਮੌਤ ਨੇ ਤੇਰੀ ਇਕ ਨਹੀਂ ਮੰਨਣੀ ਹਡ ਗੋਡੇ ਆ ਭੰਨੇਗੀ।
ਜੇ ਕਰ ਮੌਤ ਕਦੀ ਕੁਝ ਮੰਨੀ ਨਾਮ ਹਰੀ ਦਾ ਮੰਨੇਗੀ।
ਨਿਰੰਕਾਰ ਦਾ ਨਾਮ ਜੇ ਲਈਏ ਸੁਖ ਆਉਂਦਾ ਦੁਖ ਜਾਂਦਾ ਏ।
ਅਵਤਾਰ ਗੁਰੂ ਦੀ ਸ਼ਰਨੀ ਜਾਈਏ ਤਾਂ ਇਹ ਨਜ਼ਰੀ ਆਂਦਾ ਏ।

ਪਦਾ: 46 ਵਿਚੋਂ:

ਨਿਰਧਨ ਦਾ ਧਨ ਤੂਹੀਓਂ ਦਾਤਾ ਮਾਲ ਖ਼ਜ਼ਾਨਾ ਨਾਮ ਤੇਰਾ।
ਜਿਸ ਬੇ-ਘਰ ਦਾ ਘਰ ਨਾ ਹੋਵੇ ਠੌਹਰ ਠਿਕਾਨਾ ਨਾਮ ਤੇਰਾ।
ਜਿਸ ਬੰਦੇ ਵਿਚ ਮਾਨ ਨਹੀਂ ਕੋਈ ਓਸੇ ਦਾ ਹੀ ਮਾਨ ਏਂ ਤੂੰ।
ਸਾਰੀ ਦੁਨੀਆਂ ਤੈਥੋਂ ਲੈਂਦੀ ਸਭ ਨੂੰ ਦੇਂਦਾ ਦਾਨ ਏਂ ਤੂੰ।
ਹਰ ਕਾਰਜ ਦਾ ਕਰਤਾ ਤੂੰ ਹੀ ਮਾਲਕ ਆਪ ਸਵਾਮੀ ਏਂ।
ਸਭ ਦੇ ਦਿਲ ਦੀ ਜਾਨਣ ਵਾਲਾ ਤੂੰਹੀਓਂ ਅੰਤਰਯਾਮੀ ਏਂ।
ਆਪਣੇ ਹਾਲ ਤੇ ਆਪਣੀ ਹਦ ਨੂੰ ਆਪੇ ਹੀ ਇਹ ਜਾਣ ਸਕੇ। ......

ਪਦਾ: 47

ਅਵੱਲ ਵੀ ਰਬ ਮਾਲਕ ਏ ਤੇ ਆਖਰ ਵੀ ਰਬ ਵਾਲੀ ਏ।
ਜਿਸ ਨੂੰ ਰਬ ਨਾਲ ਪਿਆਰ ਨਹੀਂ ਏ ਸੋਚ ਸਮਝ ਤੋਂ ਖਾਲੀ ਏ।
ਸੁਵਾਂਗ ਭਰਨ ਇਨਸਾਨਾਂ ਦੇ ਤੇ ਕੰਮ ਕਰਨ ਹੈਵਾਨਾਂ ਦੇ।
ਠੱਗੀਆਂ ਦਿਨ ਤੇ ਰਾਤ ਕਰਨ ਪਏ ਪਿਛੇ ਲਗ ਸ਼ੈਤਾਨਾਂ ਦੇ।
ਕਪੜੇ ਭਾਵੇਂ ਗੇਰੂ ਰੰਗ ਲਏ ਮਨ ਵਿਚ ਮੈਲੀ ਮਾਇਆ ਏ।
ਆਪ ਨੂੰ ਸਭ ਤੋਂ ਉਚਾ ਜਾਣੇ ਦਿਲ ਹੰਕਾਰ ਸਮਾਇਆ ਏ।
ਧਿਆਨ ਲਗਾਏ ਮਾਲਾ ਫੇਰੇ ਤੀਰਥ ਦਾ ਅਸ਼ਨਾਨ ਕਰੇ।
ਹਿਰਸ ਦਾ ਕੁੱਤਾ ਦਿਲ ਵਿਚ ਬੈਠਾ ਭੌਂਕੇ ਤੇ ਹਲਕਾਨ ਕਰੇ।
ਅੱਗ ਕਾਮ ਦੀ ਦਿਲ ਵਿਚ ਭੜਕੇ ਅੰਗ ਭਬੂਤ ਰਮਾਈ ਏ।

| ਸੁਖਮਨੀ ਸਾਹਿਬ ਦੀ ਮੂਲ ਬਾਣੀ | ਖ੍ਵਾਜਾ ਦਿਲ ਮੁਹਮੰਦ ਦੁਆਰਾ ਅਨੁਵਾਦ (ਉਰਦੂ ਨਜ਼ਮ) |
|---|---|
| ਗਲਿ ਪਾਥਰ ਕੈਸੇ ਤਰੈ ਅਥਾਹ ॥ | ਗਹਿਰਾ ਸਾਗਰ ਪਾਰ ਹੋ ਕਬ, ਗਰਦਨ ਮੇਂ ਸਿਲ ਲਟਕਾਈ ਹੈ । |
| ਜਾ ਕੈ ਅੰਤਰਿ ਬਸੈ ਪ੍ਰਭ ਆਪਿ ॥ | ਜਿਸ ਕੇ ਮਨ ਮੇਂ ਰਬ ਨੇ ਆਕਰ ਡੇਰਾ ਆਪ ਜਮਾਇਆ ਹੈ । |
| ਨਾਨਕ ਤੇ ਜਨ ਸਹਜਿ ਸਮਾਤਿ ॥ | ਚੈਨ ਹੈ ਉਸ ਬੰਦੇ ਕੇ ਮਨ ਮੇਂ ਨਾਨਕ ਸਹਿਜ ਸਮਾਇਆ ਹੈ । |
| (ਅਸ਼ਟਪਦੀ 4/7) ਵਿਚੋਂ | |
| ਸੰਗਿ ਸਹਾਈ ਸੁ ਆਵੈ ਨ ਚੀਤਿ ॥ | ਯਾਦ ਨਹੀਂ ਅਫ਼ਸੋਸ ਉਸੇ ਵੁਹ ਸਾਥੀ ਜੋ ਇਮਦਾਦ ਕਰੇ । |
| ਜੋ ਬੈਰਾਈ ਤਾ ਸਿਉ ਪ੍ਰੀਤਿ ॥ | ਉਸ ਸੇ ਪ੍ਰੀਤ ਲਗਾਤਾ ਹੈ ਜੋ ਦੁਸ਼ਮਨ ਹੋ ਬੇਦਾਦ ਕਰੇ । |
| ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥ | ...ਫਾਨੀ ਕੋ ਯਿਹ ਬਾਕੀ ਸਮਝੇ, ਫ਼ਾਨੀ ਕੀ ਪਹਿਚਾਨ ਨਹੀਂ । |
| ਕਾਲੁ ਨਾ ਆਵੈ ਮੂੜੇ ਚੀਤਿ ॥ | ਮਸਤ ਹੈ ਮਨ ਕੀ ਮੌਜੋਂ ਮੇਂ ਕੁਛ ਮੌਤ ਕਾ ਇਸ ਕੋ ਧਿਆਨ ਨਹੀਂ । |
| ਇਆਹੂ ਜੁਗਤਿ ਬਿਹਾਨੇ ਕਈ ਜਨਮ ॥ | ਇਸ ਸੂਰਤ ਸੇ ਪਾਪੋਂ ਹੀ ਮੇਂ ਉਸ ਨੇ ਭੋਗੇ ਲਾਖ ਜਨਮ । |
| ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ | ਨਾਨਕ ਕੀ ਹੈ ਅਰਜ਼ ਬਚਾ ਲੇ ਯਾ ਰੱਬ ਕਰਕੇ ਮਿਹਰ ਕਰਮ । |
| (ਅਸ਼ਟਪਦੀ 4/6) ਵਿਚੋਂ | |
| ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥ | ਅੰਧਾ ਹੋ ਤੋ ਕਿਉਂਕਰ ਵੁਹ ਸੁਨ ਸੁਨ ਕਰ ਰਸਤਾ ਪਾਏਗਾ । |
| ਕਰੁ ਗਹਿ ਲੇਹੁ ਓੜਿ ਨਿਬਹਾਵੈ ॥ | ਹਾਥ ਪਕੜ ਕਰ ਲੇ ਜਾ ਉਸਕੋ ਜਬ ਮੰਨਜ਼ਿਲ ਕੋ ਜਾਏਗਾ । |
| ਕਹਾ ਬੁਝਾਰਤਿ ਬੂਝੈ ਡੋਰਾ ॥ | ਬਹਿਰਾ ਹੋ ਜੋ ਕਾਨੋ ਸੇ ਕਿਸ ਤੌਰ ਪਹੇਲੀ ਬੂਝੇਗਾ । |
| ਨਿਸਿ ਕਹੀਐ ਤਉ ਸਮਝੈ ਡੋਰਾ ॥ | ਰਾਤ ਕੀ ਉਸ ਸੇ ਬਾਤ ਕਹੋ ਤੋ ਦਿਨ ਹੀ ਉਸਕੋ ਸੂਝੇਗਾ । |
| ਕਹਾ ਬਿਸਨਪਦ ਗਾਵੈ ਗੁੰਗ ॥ | ਗੂੰਗਾ ਹੋ ਤੋ ਕਬ ਵੁਹ ਮੂੰਹ ਸੇ ਰਾਗ ਤਰਾਨੇ ਗਾਏਗਾ । |
| ਜਤਨ ਕਰੈ ਤਉ ਭੀ ਸੁਰ ਭੰਗ ॥ | ਕੋਸ਼ਿਸ਼ ਭੀ ਵੁਹ ਲਾਖ ਕਰੇ ਬੇ ਸੁਰ ਕਾ ਸ਼ੋਰ ਮਚਾਏਗਾ । |
| ਕਹ ਪਿੰਗੁਲ ਪਰਬਤ ਪਰਭਵਨ ॥ | ਲੂੰਜੇ ਮੇਂ ਤੌਫੀਕ ਨਹੀਂ ਪਰਬਤ ਪਰ ਸੈਰ ਮਨਾਨੇ ਕੀ । |
| ਨਹੀ ਹੋਤ ਊਹਾ ਉਸੁ ਗਵਨ ॥...... | ਹਿੰਮਤ ਉਸ ਮੇਂ ਆਏ ਕਹਾਂ ਸੇ ਟੀਲੋਂ ਪਰ ਚੜ੍ਹ ਜਾਨੇ ਕੀ ।...... |
| (ਅਸ਼ਟਪਦੀ 4/8) ਵਿਚੋਂ | |
| ਤੂ ਠਾਕੁਰੁ ਤੁਮ ਪਹਿ ਅਰਦਾਸਿ ॥ | ਤੂ ਮਾਲਿਕ ਤੂ ਖ਼ਾਲਿਕ ਮੇਰਾ, ਤੁਝ ਪਰ ਮੈਂ ਅਰਦਾਸ ਕਰੂੰ । |
| ਜੀਉ ਪਿੰਡੁ ਸਭੁ ਤੇਰੀ ਰਾਸਿ ॥ | ਤਨ ਮਨ ਸਬ ਕੁਛ ਤੇਰੀ ਮਾਇਆ, ਪੇਸ਼ ਮੈਂ ਸਾਰੀ ਰਾਸ ਕਰੂੰ । |
| ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥ | ਤੂ ਮਾਂ ਬਾਪ ਹਮਾਰਾ ਹੈ, ਹਮ ਕੱਚੇ ਬਾਲੇ ਤੇਰੇ ਹੈਂ । |
| ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥ | ਹਾਸਿਲ ਤੇਰੀ ਰਹਿਮਤ ਸੇ, ਸੁਖ ਚੈਨ ਹਮੇਂ ਬਹੁਤੇਰੇ ਹੈਂ । |

## ਅਵਤਾਰ ਬਾਣੀ

ਸਾਗਰ ਤਰਕੈ ਲੰਘਣਾ ਚਾਹੁੰਦੈ ਗਲ ਵਿਚ ਸਿਲ ਲਟਕਾਈ ਏ ।
ਜਿਸ ਨੂੰ ਪੂਰਾ ਸਾਧੂ ਮਿਲਿਐ ਡੇਰਾ ਰਬ ਵਿਚ ਲਾਇਆ ਏ ।
ਕਹੇ ਅਵਤਾਰ ਸੁਣੋ ਰੇ ਸੰਤੋਂ ਓਹੋ ਸੱਚ ਸਮਾਇਆ ਏ ।

ਪਦਾ: 48

ਦੁਖਾਂ ਮਾਰਿਆ ਬੰਦਾ ਵੇਖੋ ਕੂਕੇ ਤੇ ਫਰਿਆਦ ਕਰੇ ।
ਯਾਦ ਨਾ ਕਰਦਾ ਮਾਲਕ ਦੀ ਜੋ ਪਲ ਪਲ ਤੇ ਇਮਦਾਦ ਕਰੇ ।
ਨਾਲ ਫ਼ਨਾਹ ਦੇ ਪ੍ਰੀਤਾਂ ਲਾਈਆਂ ਬਾਕੀ ਦੀ ਪਹਿਚਾਨ ਨਹੀਂ ।
ਮਦ ਮਸਤੀ ਵਿਚ ਮਸਤ ਫਿਰੇ ਪਰ ਮੌਤ ਦਾ ਇਹਨੂੰ ਧਿਆਨ ਨਹੀਂ ।
ਏਦਾਂ ਬੰਦਾ ਜੰਮਦਾ ਮਰਦਾ ਭੋਗ ਰਿਹਾ ਏ ਕਈ ਜਨਮ ।
ਕਹੇ ਅਵਤਾਰ ਜਗਤ ਨੂੰ ਰਖ ਲੈ ਕਰ ਕੇ ਆਪਣੀ ਮਿਹਰ ਕਰਮ ।

ਪਦਾ: 49

ਅੰਨ੍ਹਾ ਜੇ ਕਰ ਸੁਣ ਲਏ ਰਸਤਾ ਰਸਤੇ ਤੇ ਜਾ ਸਕਦਾ ਨਹੀਂ ।
ਰਹਿਬਰ ਜਿੱਚਰ ਹੱਥ ਨਾ ਪਕੜੇ ਮੰਨਜ਼ਿਲ ਤੇ ਆ ਸਕਦਾ ਨਹੀਂ ।
ਡੋਰਾ ਹੋਵੇ ਜੇ ਕਰ ਕੋਈ ਨਾਮ ਨਾ ਤੇਰਾ ਸੁਣ ਸਕੇ ।
ਮਨਮੁਖ ਤੇਰੀ ਨਾਮ ਪਿਆਲੀ ਪੀ ਸਕੇ ਨਾ ਪੁਣ ਸਕੇ ।
ਗੂੰਗਾ ਜੇਕਰ ਹੋਵੇ ਕੋਈ ਕੀ ਵਡਿਆਈ ਗਾਏਗਾ ।
ਕੋਸ਼ਿਸ਼ ਵੀ ਲਖ ਵਾਰ ਕਰੇ ਜੇ ਆਪਣਾ ਰੌਲਾ ਪਾਏਗਾ ।
ਪਿੰਗਲੇ ਦੇ ਵਿਚ ਹਿੰਮਤ ਨਹੀਂ ਜਿਉਂ ਪਰਬਤ ਤੇ ਚੜ੍ਹ ਜਾਣੇ ਦੀ ।
ਅਵਤਾਰ ਕਹੇ ਤਿਉਂ ਬੇਮੁਖ ਤਾਈਂ ਸਾਰ ਕੀ ਮਹਿਮਾ ਗਾਣੇ ਦੀ ।

ਪਦਾ: 50

ਤੂੰ ਮਾਲਿਕ ਤੂੰ ਖ਼ਾਲਿਕ ਮੇਰਾ ਤੁੱਧ ਅੱਗੇ ਅਰਦਾਸ ਕਰਾਂ ।
ਤਨ ਮਨ ਧਨ ਸਭ ਤੇਰੀ ਮਾਇਆ ਪੇਸ਼ ਮੈਂ ਸਾਰੀ ਰਾਸ ਕਰਾਂ ।
ਤੂੰਹੀਉਂ ਮਾਤ ਪਿਤਾ ਏਂ ਸਭ ਦਾ ਬੱਚੇ ਬਾਲੇ ਤੇਰੇ ਨੇ ।
ਤੇਰੀ ਨਜ਼ਰ ਸਵੱਲੀ ਹੋਵੇ ਘਰ ਸੁੱਖਾਂ ਦੇ ਡੇਰੇ ਨੇ ।

| ਸੁਖਮਨੀ ਸਾਹਿਬ ਦੀ ਮੂਲ ਬਾਣੀ | ਖ਼੍ਵਾਜਾ ਦਿਲ ਮੁਹਮੰਦ ਦੁਆਰਾ ਅਨੁਵਾਦ (ਉਰਦੂ ਨਜ਼ਮ) |
|---|---|
| ਕੋਇ ਨ ਜਾਨੈ ਤੁਮਰਾ ਅੰਤੁ ॥ | ਤੇਰਾ ਅੰਤ ਨਾ ਕੋਈ ਜਾਨੇ, ਰੁਤਬਾ ਤੇਰਾ ਨਿਆਰਾ ਹੈਂ । |
| ਊਚੇ ਤੇ ਊਚਾ ਭਗਵੰਤ ॥...... | ਊਂਚਾ ਹੈ ਤੂ ਹਰ ਉਂਚੇ ਸੇ ਤੂ ਭਗਵਾਨ ਹਮਾਰਾ ਹੈ । ...... |
| ...ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥ | ਅਪਨੀ ਹੱਦ ਔਰ ਅਪਨੀ ਹਾਲਤ, ਤੁਝ ਪਰ ਰੌਸ਼ਨ ਸਾਰੀ ਹੈ । |
| ਨਾਨਕ ਦਾਸ ਸਦਾ ਕੁਰਬਾਨੀ ॥ | ਨਾਨਕ ਤੇਰਾ ਦਾਸ ਹੈ ਜਾ ਰਬ, ਤੁਝ ਪਰ ਯਿਹ ਬਲਿਹਾਰੀ ਹੈ । |
| (ਅਸ਼ਟਪਦੀ 5/3) | |
| ਅਨਿਕ ਭਾਤਿ ਮਾਇਆ ਕੇ ਹੇਤ ॥ | ਮਾਇਆ ਰੰਗਾ-ਰੰਗੀ ਨਿਆਰੀ ਜੀ ਤੇਰਾ ਪਰਚਾਤੀ ਹੈ । |
| ਸਰਪਰ ਹੋਵਤ ਜਾਨੁ ਅਨੇਤ ॥ | ਪੱਕੀ ਬਾਤ ਸਮਝ ਲੇ ਬੰਦੇ ਆਤੀ ਹੈ ਯਿਹ ਜਾਤੀ ਹੈ । |
| ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥ | ਪੇੜ ਕਾ ਸਾਇਆ ਭਾਇਆ ਹੈ ਤੂ ਇਸ ਸੇ ਪ੍ਰੀਤ ਲਗਾਤਾ ਹੈ । |
| ਓਹ ਬਿਨਸੈ ਉਹੁ ਮਨਿ ਪਛੁਤਾਵੈ ॥ | ਜਬ ਵੁਹ ਸਾਇਆ ਜਾਤਾ ਹੈ ਤੂ ਪੀਛੇ ਕਿਉਂ ਪਛਤਾਤਾ ਹੈ । |
| ਜੋ ਦੀਸੈ ਸੋ ਚਾਲਨਹਾਰੁ ॥ | ਜੋ ਕੁਛ ਦੇਖ ਰਹਾ ਹੈ ਤੂ ਯਿਹ ਸਬ ਕੁਛ ਜਾਨੇ ਵਾਲਾ ਹੈ । |
| ਲਪਟਿ ਰਹਿਓ ਤਹ ਅੰਧ ਅੰਧਾਰੁ ॥ | ਮਨ ਕਾ ਅੰਧਾ ਲਿਪਟੇ ਉਨਸੇ, ਵੁਹ ਉਨਕਾ ਮਤਵਾਲਾ ਹੈ । |
| ਬਟਾਊ ਸਿਉ ਜੋ ਲਾਵੈ ਨੇਹ ॥ | ਰਾਹੀ ਸੇ ਜੋ ਪ੍ਰੀਤ ਲਗਾਏ ਵੁਹ ਆਖ਼ਿਰ ਕੋ ਰੋਤਾ ਹੈ । |
| ਤਾ ਕਉ ਹਾਥਿ ਨ ਆਵੈ ਕੇਹ ॥ | ਖ਼ਾਕ ਨਾ ਉਸਕੇ ਹਾਥ ਲਗੇ ਦਿਲ ਦੇਤਾ ਹੈ ਸੋ ਖੋਤਾ ਹੈ । |
| ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ ॥ | ਪ੍ਰੀਤ ਕਰੇ ਜੋ ਨਾਮ ਸੇ ਰਬ ਕੇ ਮਨ ਮੇਰੇ ਸੁਖ ਪਾਤਾ ਹੈ । |
| ਕਰਿ ਕਿਰਪਾ ਨਾਨਕ ਆਪਿ ਲਏ ਲਾਈ ॥ | ਨਾਨਕ ਅਪਨੀ ਕਿਰਪਾ ਸੇ ਵੁਹ ਅਪਨੇ ਸਾਥ ਮਿਲਾਤਾ ਹੈ । |
| (ਅਸ਼ਟਪਦੀ 5/4) ਵਿਚੋਂ | |
| ਮਿਥਿਆ ਤਨੁ ਧਨੁ ਕੁਟੰਬੁ ਸਬਾਇਆ ॥ | ਤਨ ਔਰ ਧਨ ਔਰ ਬੱਚੇ ਬਾਲੇ, ਫ਼ਾਨੀ ਹੈਂ ਸਬ ਫ਼ਾਨੀ ਹੈਂ । |
| ਮਿਥਿਆ ਹਉਮੈ ਮਮਤਾ ਮਾਇਆ ॥ | ਮਾਇਆ ਖ਼ੁਦੀ ਤਕੱਬਰ ਵਾਲੇ, ਫ਼ਾਨੀ ਹੈਂ ਸਬ ਫ਼ਾਨੀ ਹੈਂ । |
| ਮਿਥਿਆ ਰਾਜ ਜੋਬਨ ਧਨ ਮਾਲ ॥ | ਜੋਬਨ ਰਾਜ ਜਵਾਨੀ ਦੌਲਤ, ਫ਼ਾਨੀ ਹੈਂ ਸਬ ਫ਼ਾਨੀ ਹੈਂ ।...... |
| ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ ॥ | ...ਰਥ ਪੁਸ਼ਾਕੇਂ ਘੋੜੇ ਹਾਥੀ, ਫ਼ਾਨੀ ਹੈਂ ਸਬ ਫ਼ਾਨੀ ਹੈਂ । |
| ਮਿਤਿਆ ਰੰਗ ਸੰਗਿ ਮਾਇਆ ਪੇਖਿ ਹਸਤਾ ॥ | ਜ਼ਰ ਕਾ ਪ੍ਰੇਮ ਔਰ ਹੰਸਤੇ ਸਾਥੀ, ਫ਼ਾਨੀ ਹੈਂ ਸਬ ਫ਼ਾਨੀ ਹੈਂ ।... |
| ਮਿਥਿਆ ਆਪਸ ਊਪਰਿ ਕਰਤ ਗੁਮਾਨੁ ॥ | ...ਤੇਰੇ ਮਾਨ ਗੁਮਾਨ ਔਰ ਸ਼ੌਕਤ, ਫ਼ਾਨੀ ਹੈਂ ਸਬ ਫ਼ਾਨੀ ਹੈਂ । |
| ਅਸਥਿਰੁ ਭਗਤਿ ਸਾਧ ਕੀ ਸਰਨ ॥ | ਸਾਧੋਂ ਕੇ ਸਾਏ ਮੇਂ ਭਗਤੀ ਕਾਇਮ ਹੈ ਪਾਇੰਦਾ ਹੈ । |
| ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ ॥ | ਮਾਲਕ ਕੇ ਚਰਨੋਂ ਮੇਂ ਨਾਨਕ ਨਾਮ ਕੋ ਜਪ ਕਰ ਜ਼ਿੰਦਾ ਹੈ । |

## ਅਵਤਾਰ ਬਾਣੀ

ਅੰਤ ਨਾ ਤੇਰਾ ਬੁਝੇ ਕੋਈ ਤੇਰਾ ਰੂਪ ਨਿਆਰਾ ਏ।
ਤੂੰ ਉੱਚਾ ਏਂ ਸਭ ਤੋਂ ਉੱਚਾ ਤੇਰਾ ਇਕ ਸਹਾਰਾ ਏ।
ਆਪਣੀ ਹੱਦ ਤੇ ਆਪਣੀ ਹਾਲਤ ਤੈਥੋਂ ਰੋਸ਼ਨ ਸਾਰੀ ਏ।
ਅਵਤਾਰ ਦਾਸ ਤੇਰੇ ਦਾਸਾਂ ਦਾ ਤੇ ਚਰਨਾਂ ਤੋਂ ਬਲਿਹਾਰੀ ਏ।

ਪਦਾ: 51 :

ਮਾਇਆ ਰੰਗ ਬਰੰਗੀ ਜਿਹੜੀ ਤੇਰਾ ਜੀ ਪਰਚਾਂਦੀ ਏ।
ਪੱਕੀ ਗਲ ਸਮਝ ਲੈ ਮੇਰੀ ਇਹ ਆਂਦੀ ਤੇ ਜਾਂਦੀ ਏ।
ਸੁਖ ਦੁਨੀਆਂ ਦੇ ਪਰਛਾਵੇਂ ਨੇ ਜੇ ਕਰ ਪ੍ਰੀਤਾਂ ਪਾਏਂਗਾ
ਢਲ ਗਏ ਪਰਛਾਵੇਂ ਜਿਸ ਦਮ ਰੋਵ੍ਹੇਂਗਾ ਕੁਰਲਾਏਂਗਾ।
ਜੋ ਕੁਝ ਅੱਖੀਂ ਨਜ਼ਰੀ ਆਉਂਦਾ ਆਵਣ ਜਾਵਣ ਵਾਲਾ ਏ।
ਅਕਲੋਂ ਅੰਨ੍ਹਾਂ ਮੂਰਖ ਬੰਦਾ ਜੋ ਇਸਦਾ ਮਤਵਾਲਾ ਏ।
ਚਲਦੇ ਨਾਲ ਪ੍ਰੀਤਾਂ ਲਾ ਕੇ ਆਖ਼ਰ ਰੋਣਾ ਪੈਂਦਾ ਏ।
ਹਥ ਪੱਲੇ ਨਹੀਂ ਪੈਂਦਾ ਕੁਝ ਵੀ ਸਭ ਕੁਝ ਖੋਣਾ ਪੈਂਦਾ ਏ।
ਨਾਲ ਸੰਤ ਦੇ ਪ੍ਰੀਤ ਕਰੇ ਜੋ, ਸੁਖ ਉਹ ਸਾਰੇ ਪਾ ਲੈਂਦੇ।
ਸੰਤ ਅਵਤਾਰ ਕਰੇ ਜੇ ਕਿਰਪਾ ਆਪਣੇ ਨਾਲ ਮਿਲਾ ਲੈਂਦੇ।

ਪਦਾ: 52 :

ਤਨ ਮਨ ਧਨ ਤੇ ਬੱਚੇ ਬਾਲੇ ਫਾਨੀ ਨੇ ਨਹੀਂ ਰਹਿ ਸਕਦੇ।
ਬੰਦੇ ਖ਼ੁਦੀ ਤੱਕਬਰ ਵਾਲੇ ਫ਼ਾਨੀ ਨੇ ਨਹੀਂ ਰਹਿ ਸਕਦੇ।
ਰਥ ਪੁਸ਼ਾਕਾਂ ਘੋੜੇ ਹਾਥੀ ਫ਼ਾਨੀ ਨੇ ਨਹੀਂ ਰਹਿ ਸਕਦੇ।
ਪਿਆਰ ਬੁਤਾਂ ਦਾ ਹਸਦੇ ਸਾਥੀ ਫ਼ਾਨੀ ਨੇ ਨਹੀਂ ਰਹਿ ਸਕਦੇ।
ਜੋਬਨ ਰਾਜ ਜਵਾਨੀ ਦੌਲਤ ਫ਼ਾਨੀ ਨੇ ਨਹੀਂ ਰਹਿ ਸਕਦੇ।
ਠਾਠ ਅਮੀਰੀ ਸ਼ਾਨ ਤੇ ਸ਼ੌਕਤ ਫ਼ਾਨੀ ਨੇ ਨਹੀਂ ਰਹਿ ਸਕਦੇ।
ਸਾਧ ਜਨਾਂ ਮਿਲ ਰਬ ਪਛਾਣੇ ਕਾਇਮ ਦਾਇਮ ਬੰਦਾ ਰਹੇ।
ਅਵਤਾਰ ਪਿਆਰਾ ਭਗਤ ਹਰੀ ਦਾ ਮੌਤ ਬਾਅਦ ਵੀ ਜ਼ਿੰਦਾ ਰਹੇ।

| ਸੁਖਮਨੀ ਸਾਹਿਬ ਦੀ ਮੂਲ ਬਾਣੀ | ਖ਼੍ਵਾਜਾ ਦਿਲ ਮੁਹਮੰਦ ਦੁਆਰਾ ਅਨੁਵਾਦ (ਉਰਦੂ ਨਜ਼ਮ) |
| --- | --- |
| (ਅਸ਼ਟਪਦੀ 5/6) ਵਿਚੋਂ | |
| ਬਿਰਥੀ ਸਾਕਤ ਕੀ ਆਰਜਾ ॥ | ਜਾਏਂ ਅਕਾਰਤ ਰਬ ਕੇ ਮੁਨਕਰ ਕਾਫ਼ਰ ਕੁਫ਼ਰ ਕਮਾਏਂਗੇ । |
| ਸਾਚ ਬਿਨਾ ਕਹ ਹੋਵਤ ਸੂਚਾ ॥ | ਸਚ ਸੇ ਜਬ ਤਕ ਕਾਮ ਨਾ ਲੇਂਗੇ ਪਾਕ ਕਹਾਂ ਹੋ ਜਾਏਂਗੇ । |
| ਬਿਰਥਾ ਨਾਮ ਬਿਨਾ ਤਨੁ ਅੰਧ ॥ | ਜਾਏਂ ਅਕਾਰਤ ਨਾਮ ਸੇ ਜੋ ਖਾਲੀ ਹੈਂ ਦਿਲ ਕੇ ਅੰਧੇ ਹੈਂ । |
| ਮੁਖਿ ਆਵਤ ਤਾ ਕੈ ਦੁਰਗੰਧ ॥ | ਉਨ ਕੇ ਮੂੰਹ ਸੇ ਆਏ ਅਫ਼ੂਨਤ ਬੰਦੇ ਗੰਦੇ ਮੰਦੇ ਹੈਂ । |
| ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥ | ਜਾਏ ਅਕਾਰਤ ਜੀਨਾ ਜਿਸ ਮੇਂ ਨਾਮ ਕਹੀਂ ਦਿਨ ਰਾਤ ਨਾ ਹੋ । |
| ਮੇਘ ਬਿਨਾ ਜਿਉ ਖੇਤੀ ਜਾਇ ॥ | ਸੂਖ ਕੇ ਜਲ ਜਾਏਗੀ ਖੇਤੀ ਜਬ ਇਸ ਪਰ ਬਰਸਾਤ ਨਾ ਹੋ । |
| ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥ | ਭਾੜ ਮੇਂ ਜਾਏਂ ਕਾਮ ਜਹਾਂ ਕੇ ਜਿਨ ਮੇਂ ਰਬ ਕਾ ਨਾਮ ਨਹੀਂ । |
| ਜਿਉ ਕਿਰਪਨ ਕੇ ਨਿਰਾਰਥ ਦਾਮ ॥ | ਭਾੜ ਮੇਂ ਜਾਏ ਸ਼ੂਮ ਕੀ ਦੌਲਤ ਜਿਸ ਸੇ ਕੁਝ ਆਰਾਮ ਨਹੀਂ । |
| ਧੰਨਿ ਧੰਨਿ ਤੇ ਜਨ ਜਿਹ ਘਟਿ ਬਸਿਓ ਹਰਿ ਨਾਉ ॥ | ਮਨ ਮੇਂ ਜਿਨਕੇ ਨਾਮ ਖ਼ੁਦਾ ਕਾ ਉਨ ਕੀ ਕਿਸਮਤ ਨਿਆਰੀ ਹੈ । |
| ਨਾਨਕ ਤਾ ਕੈ ਬਲਿ ਬਲਿ ਜਾਉ ॥ | ਨਾਨਕ ਦਿਲ ਕੁਰਬਾਨ ਹੈ ਉਨ ਪਰ ਜਾਨ ਮੇਰੀ ਬਲਿਹਾਰੀ ਹੈ । |
| (ਅਸ਼ਟਪਦੀ 5/7) ਵਿਚੋਂ | |
| ਰਹਤ ਅਵਰ ਕਛੁ ਅਵਰ ਕਮਾਵਤ ॥ | ਫਰਜ਼ ਹੋ ਉਸਕਾ ਔਰ ਮਗਰ ਵੁਹ ਕਾਮ ਸਬ ਉਲਟੇ ਕਰਤਾ ਜਾਏ । |
| ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥ | ਦਿਲ ਮੇਂ ਉਸਕੇ ਪ੍ਰੇਮ ਨਹੀਂ ਗੋ ਉਲਫਤ ਕੇ ਦਮ ਭਰਤਾ ਜਾਏ । |
| ਜਾਨਨਹਾਰ ਪ੍ਰਭੂ ਪਰਬੀਨ ॥ | ਜਾਨਨਹਾਰ ਖ਼ੁਦਾ ਕੇ ਆਗੇ ਜੋ ਵਾਕਿਫ਼ ਹੈ ਗ਼ੈਬੋਂ ਕਾ । |
| ਬਾਹਰਿ ਭੇਖ ਨ ਕਾਹੂ ਭੀਨ ॥ | ਭੇਸ ਨਾ ਉਸਕਾ ਕਾਮ ਆਏਗਾ ਭੇਦ ਖੁਲੇਗਾ ਐਬੋਂ ਕਾ । |
| ਅਵਰ ਉਪਦੇਸੈ ਆਪਿ ਨ ਕਰੈ ॥ | ਔਰ ਕੋ ਜੋ ਉਪਦੇਸ਼ ਕਰੇ ਖ਼ੁਦ ਕਾਮ ਨਾ ਵੈਸੇ ਕਰਤਾ ਹੈ । |
| ਆਵਤ ਜਾਵਤ ਜਨਮੈ ਮਰੈ ॥ | ਆਤਾ ਹੈ ਵੁਹ ਜਾਤਾ ਹੈ ਵੁਹ ਜੀਤਾ ਹੈ ਵੁਹ ਮਰਤਾ ਹੈ । |
| ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥ | ਜਿਸ ਕੇ ਮਨ ਮੇਂ ਬਸਨੇ ਵਾਲਾ ਆਪ ਵੁਹ ਨਿਰੰਕਾਰ ਹੂਆ । |
| ਤਿਸ ਕੀ ਸੀਖ ਤਰੈ ਸੰਸਾਰੁ ॥ | ਉਸਕੇ ਪਾਕ ਉਪਦੇਸ਼ੋਂ ਸੇ ਦੁਨੀਆ ਕਾ ਬੇੜਾ ਪਾਰ ਹੂਆ । |
| ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ ॥ | ਬੰਦੇ ਜੋ ਮਕਬੂਲ ਤਿਰੇ ਹੈਂ ਦਾਤਾ ਤੁਝਕੋ ਜਾਨੇਂਗੇ । |
| ਨਾਨਕ ਉਨ ਜਨ ਚਰਨ ਪਰਾਤਾ ॥ | ਪਾਓਂ ਪੇ ਉਨੇ ਕੇ ਸੀਸ ਝੁਕਾ ਕਰ ਨਾਨਕ ਉਨਕੋ ਮਾਨੇਂਗੇ । |
| (ਅਸ਼ਟਪਦੀ 5/8) ਵਿਚੋਂ | |
| ...ਆਪਹਿ ਆਪ ਆਪਿ ਕਰਤ ਨਿਬੇਰਾ ॥ | ......ਜੋ ਚਾਹੇ ਖ਼ੁਦ ਆਪ ਨਬੇੜੇ, ਗੈਰੋਂ ਸੇ ਵੁਹ ਕਾਮ ਨਾ ਲੇ । |
| ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ ॥ | ਇਕ ਕੋ ਦੂਰ ਸੁਝਾਈ ਦੇ ਔਰ ਇਕ ਕੋ ਪਾਸ ਦਿਖਾਈ ਦੇ । |

## ਅਵਤਾਰ ਬਾਣੀ

ਪਦਾ: 53 :

ਨਿਰੰਕਾਰ ਤੋਂ ਮੁਨਕਿਰ ਜਿਹੜੇ ਬੰਦੇ ਨਹੀਂ ਉਹ ਕਾਫ਼ਰ ਨੇ।
ਪੱਥਰ ਵਾਂਗੂੰ ਭਾਰ ਧਰਤ ਤੇ ਬੜੇ ਨਿਕੰਮੇ ਵਾਫ਼ਰ ਨੇ।
ਨਾਮ ਹਰੀ ਤੋਂ ਖਾਲੀ ਜਿਹੜੇ ਬੰਦੇ ਗੰਦੇ ਮੰਦੇ ਨੇ।
ਉਨ੍ਹਾਂ ਦੇ ਲਈ ਜਗ੍ਹਾ ਜਗ੍ਹਾ ਤੇ ਲਾਏ ਮੌਤ ਨੇ ਫੰਦੇ ਨੇ।
ਜਨਮ ਅਕਾਰਥ ਬਿਲਕੁਲ ਜੇਕਰ ਰਬ ਚੇਤੇ ਦਿਨ ਰਾਤ ਨਹੀਂ।
ਸੁਕ ਜਾਂਦੀ ਏ ਜੀਵਨ ਖੇਤੀ ਜੇ ਮਿਹਰਾਂ ਦੀ ਬਰਸਾਤ ਨਹੀਂ।
ਭੱਠੀ ਪਾਦੇ ਕੰਮ ਦੁਨੀਆ ਦਾ ਜਿਸ ਵਿਚ ਰਬ ਦਾ ਨਾਮ ਨਹੀਂ।
ਪਾ ਦੇ ਭੱਠ ਸ਼ੁਮ ਦੀ ਦੌਲਤ ਜਿਸ ਤੋਂ ਕੁਝ ਆਰਾਮ ਨਹੀਂ।
ਮਨ ਵਿਚ ਜਿਸ ਦੇ ਰਾਮ ਹੈ ਵੱਸਿਆ ਉਸਦੀ ਮਹਿਮਾ ਸਾਰੀ ਏ।
ਅਵਤਾਰ ਮੇਰਾ ਦਿਲ ਵਾਰੇ ਵਾਰੇ ਜਾਨ ਮੇਰੀ ਬਲਿਹਾਰੀ ਏ।

ਪਦਾ: 54 :

ਕੰਮ ਹੋਵੇ ਜੇ ਹੋਰ ਕਿਸੇ ਦਾ ਹੋਰ ਉਹ ਬੈਠਾ ਕੰਮ ਕਰੇ।
ਦਿਲ ਵਿਚ ਜਿਸ ਦੇ ਪਿਆਰ ਨਹੀਂ ਤੇ ਮੂੰਹੋਂ ਪਿਆਰ ਦਾ ਦਮ ਭਰੇ।
ਘਟ ਘਟ ਜਾਨਣ ਵਾਲੇ ਅੱਗੇ ਜਾਣੂੰ ਏ ਜੋ ਗ਼ੈਬਾਂ ਦਾ।
ਭੇਖ ਕਿਸੇ ਦੇ ਕੰਮ ਨਹੀਂ ਆਉਂਦਾ ਭੇਦ ਖੁਲੇਗਾ ਐਬਾਂ ਦਾ।
ਦੂਜੇ ਨੂੰ ਜੇ ਕਹੇਂ ਕਰਨ ਲਈ ਆਪ ਨਾ ਉਹ ਕੰਮ ਕਰਦਾ ਏ।
ਸਮਝੋ ਗੇੜ ਸੌਰਾਸੀ ਸੀ ਪੈ ਕੇ ਉਹ ਜੰਮਦਾ ਤੇ ਮਰਦਾ ਏ।
ਮਨ ਵਿਚ ਜਿਸ ਦੇ ਹਰ ਵਸ ਜਾਏ ਆਪੇ ਹੋ ਜਾਂਦਾ ਨਿਰੰਕਾਰ।
ਉਹਦੀ ਗੱਲ ਨੂੰ ਜਿਹੜਾ ਮੰਨੇ ਹੋ ਜਾਂਦਾ ਭਵ ਸਾਗਰ ਪਾਰ।
ਬੰਦਾ ਜਿਹੜਾ ਜਾਣੇ ਤੈਨੂੰ ਜਿਹੜਾ ਤੈਨੂੰ ਪਿਆਰ ਕਰੇ।
ਅਵਤਾਰ ਚਰਨ ਰੱਜ ਲੈ ਕੇ ਉਹਦੀ ਹਰ ਕੋਈ ਬੇੜਾ ਪਾਰ ਕਰੇ।

ਪਦਾ: 55 ਵਿਚੋਂ :

...... ਜਿਹੜਾ ਕਰਤਾ ਸਾਰੇ ਜਗ ਦਾ ਆਪਣੇ ਜਨ ਨਾਲ ਵੱਸਦਾ ਏ।
ਕੋਈ ਦੂਰ ਵੀ ਵੇਖ ਨਾ ਸੱਕੇ ਕਿਸੇ ਨੂੰ ਨੇੜੇ ਦਸਦਾ ਏ।

| ਸੁਖਮਨੀ ਸਾਹਿਬ ਦੀ ਮੂਲ ਬਾਣੀ | ਖ਼ੑਾਜਾ ਦਿਲ ਮੁਹਮੰਦ ਦੁਆਰਾ ਅਨੁਵਾਦ (ਉਰਦੂ ਨਜ਼ਮ) |
|---|---|
| ਉਪਾਵ ਸਿਆਨਪ ਸਗਲ ਤੇ ਰਹਤ ॥ | ਜ਼ਾਤ ਬੜੀ ਔਰ ਪਾਕ ਹੈ ਉਸਕੀ ਸਬ ਤਰਕੀਬੋਂ ਚਾਲੋਂ ਸੇ । |
| ਸਭੁ ਕਛੁ ਜਾਨੈ ਆਤਮ ਕੀ ਰਹਤ ॥ | ਵਾਕਿਫ਼ ਹੈ ਵੁਹ ਦਿਲ ਕੇ ਮਖ਼ਫ਼ੀ ਹਾਲੋਂ ਔਰ ਖ਼ਿਆਲੋਂ ਸੇ । |
| ਜਿਸੁ ਭਾਵੈ ਤਿਸੁ ਲਏ ਲੜਿ ਲਾਇ ॥ | ਅਪਨੇ ਸਾਥ ਮਿਲਾ ਲੇ ਉਸਕੋ, ਜੋ ਉਸਕੇ ਮਨ ਭਾਇਆ ਹੈ । |
| ਥਾਨ ਥਨੰਤਰਿ ਰਹਿਆ ਸਮਾਇ ॥ | ਹਾਜ਼ਰ ਹੈ ਵੁਹ ਨਾਜ਼ਰ ਹੈ ਵੁਹ, ਜਗ ਮੇਂ ਆਪ ਸਮਾਇਆ ਹੈ । |
| ਸੋ ਸੇਵਕੁ ਜਿਸੁ ਕਿਰਪਾ ਕਰੀ ॥ | ਉਸਕਾ ਸੇਵਕ ਹੋ ਜਾਤਾ ਹੈ, ਜਿਸ ਪਰ ਉਸਕੀ ਰਹਿਮਤ ਹੈ । |
| ਨਿਮਖ ਨਿਮਖ ਜਪਿ ਨਾਨਕ ਹਰੀ ॥ | ਪਲ ਪਲ ਨਾਮ ਲੀਏ ਜਾ ਨਾਨਕ, ਨਾਮ ਹੀ ਉਸਕਾ ਨਿਆਮਤ ਹੈ । |

(ਅਸ਼ਟਪਦੀ 7/1 ਅਤੇ 7/2) ਵਿਚੋਂ

| | |
|---|---|
| ਸਾਧ ਕੈ ਸੰਗਿ ਮੁਖ ਊਜਲ ਹੋਤ ॥ 7/1/1 | ਸਾਧ ਕੀ ਸੰਗਤ ਕਰ ਲੇ ਬੰਦੇ ਚਿਹਰਾ ਹੋ ਪੁਰਨੂਰ ਤਿਰਾ । |
| ਸਾਧ ਕੈ ਸੰਗਿ ਮਲੁ ਸਗਲੀ ਖੋਤ ॥ 7/1/2 | ਸਾਧ ਕੀ ਸੰਗਤ ਕਰ ਲੇ ਬੰਦੇ ਮੈਲ ਹੋ ਮਨ ਕਾ ਦੂਰ ਤਿਰਾ । |
| ਸਾਧ ਕੈ ਸੰਗਿ ਮਾਇਆ ਤੇ ਭਿੰਨ ॥ 7/2/9 | ਸਾਧ ਕੀ ਸੰਗਤ ਕਰ ਲੇ ਬੰਦੇ ਮਾਇਆ ਮਨ ਸੇ ਦੂਰ ਰਹੇ । |
| ਸਾਧ ਕੈ ਸੰਗਿ ਮਿਟੈ ਅਭਿਮਾਨੁ ॥ 7/1/3 | ਸਾਧ ਕੀ ਸੰਗਤ ਕਰ ਲੇ ਬੰਦੇ ਜਾਏਗਾ ਸਬ ਮਾਨ ਗਰੂਰ । |
| ਸਾਧ ਕੈ ਸੰਗਿ ਅਗੋਚਰੁ ਮਿਲੈ ॥ 7/2/1 | ਸਾਧ ਕੀ ਸੰਗਤ ਕਰ ਲੇ ਬੰਦੇ ਅਨਦੇਖਾ ਰਬ ਪਾਏਗਾ । |
| ਸਾਧ ਕੈ ਸੰਗਿ ਸਦਾ ਪਰਫੁਲੈ ॥ 7/2/2 | ਸਾਧ ਕੀ ਸੰਗਤ ਕਰ ਲੇ ਬੰਦੇ ਫੂਲ ਕੇ ਫਲਤਾ ਜਾਏਗਾ । |
| ਸਾਧ ਸੰਗਿ ਅੰਮ੍ਰਿਤ ਰਸੁ ਭੁੰਚਾ ॥ 7/2/4 | ਸਾਧ ਕੀ ਸੰਗਤ ਕਰ ਲੇ ਬੰਦੇ ਨਾਮ ਕਾ ਪਾਏ ਅੰਮ੍ਰਿਤ ਰਸ । |
| ਸਾਧ ਕੇ ਸੰਗਿ ਆਵਹਿ ਬਸਿ ਪੰਚਾ ॥ 7/2/3 | ਸਾਧ ਕੀ ਸੰਗਤ ਕਰ ਲੇ ਬੰਦੇ ਪਾਂਚੋ ਜਜ਼ਬੋ ਪਰ ਹੋ ਬਸ । |
| ਸਾਧ ਸੰਗਿ ਅਸਥਿਤਿ ਮਨੁ ਪਾਵੈ ॥ 7/2/8 | ਸਾਧ ਕੀ ਸੰਗਤ ਕਰ ਲੇ ਬੰਦੇ ਕਾਇਮ ਮਨ ਕਾ ਪਾਰਾ ਹੋ । |
| ਸਾਧ ਕੈ ਸੰਗਿ ਨ ਕਤਹੂੰ ਧਾਵੈ ॥ 7/2/7 | ਸਾਧ ਕੀ ਸੰਗਤ ਕਰ ਲੇ ਬੰਦੇ ਮਨ ਫਿਰ ਕਿਉਂ ਆਵਾਰਾ ਹੋ । |

ਅਸ਼ਟਪਦੀ 7/4 ਵਿਚੋਂ :

| | |
|---|---|
| ਸਾਧ ਕੈ ਸੰਗਿ ਨ ਕਬਹੂੰ ਧਾਵੈ ॥ | ਸਾਧ ਕੀ ਸੰਗਤ ਕਰਲੇ ਬੰਦੇ, ਮਨ ਕੀ ਭਟਕਨ ਜਾਏਗੀ । |
| ਸਾਧ ਕੈ ਸੰਗਿ ਸਦਾ ਸੁਖੁ ਪਾਵੈ ॥...... | ਸਾਧ ਕੀ ਸੰਗਤ ਕਰ ਲੇ ਬੰਦੇ, ਹਰ ਦਮ ਰਾਹਤ ਆਏਗੀ ।...... |

ਅਸ਼ਟਪਦੀ 7/6 ਵਿਚੋਂ :

| | |
|---|---|
| ...ਦਰਸਨੁ ਭੇਟਤ ਹੋਤ ਨਿਹਾਲ ॥ | ਸਾਧ ਕੇ ਦਰਸ਼ਨ ਹੋਨੇ ਸੇ, ਇਨਸਾਨ ਸਦਾ ਮਸਰੂਰ ਰਹੇ । |

## ਅਵਤਾਰ ਬਾਣੀ

ਗੰਗਾ ਜਲ ਤੋਂ ਪਾਕ ਏ ਜਿਹੜਾ ਬਰੀ ਤਰੀਕੇ ਚਾਲਾਂ ਤੋਂ ।
ਜਾਣੂੰ ਜਿਹੜਾ ਜਾਣ ਹੈ ਚੁੱਕਾ ਉੱਚਾ ਸਭ ਖਿਆਲਾਂ ਤੋਂ ।
ਐਸੇ ਜਨ ਦੇ ਚਰਨ ਪਕੜ ਲੈ ਜੋ ਇਹਦੇ ਮਨ ਦਾ ਭਾ ਚੁੱਕਾ ਏ ।
ਨਾਲ ਮਿਲਾਏ ਕੇਵਲ ਉਹੋ ਜਿਹੜਾ ਆਪ ਸਮਾ ਚੁੱਕਾ ਏ ।
ਰੰਗ ਵਿਚ ਉਹੋ ਰੰਗ ਸਕਦਾ ਏ ਜੋ ਇਸ ਦੇ ਰੰਗ ਰਾਤਾ ਏ ।
ਅਵਤਾਰ ਗੁਰੂ ਰਬ ਜਾਨਣ ਵਾਲਾ ਸਾਰੇ ਜਗ ਦਾ ਦਾਤਾ ਏ ।

ਪਦਾ: 56

ਸਾਧ ਦੀ ਸੰਗਤ ਕਰ ਲੈ ਬੰਦੇ ਚੇਹਰੇ ਨੂੰ ਪੁਰ ਨੂਰ ਕਰੇ ।
ਸਾਧ ਦੀ ਸੰਗਤ ਕਰ ਲੈ ਬੰਦੇ ਮੈਲ ਦਿਲਾਂ ਦੀ ਦੂਰ ਕਰੇ ।
ਸਾਧ ਦੀ ਸੰਗਤ ਕਰ ਲੈ ਬੰਦੇ ਦੁਖ ਦਲਿੱਦਰ ਹੋਵਨ ਦੂਰ ।
ਸਾਧ ਦੀ ਸੰਗਤ ਕਰ ਲੈ ਬੰਦੇ ਜਾਂਦਾ ਰਹੇਗਾ ਮਾਨ ਗ਼ਰੂਰ ।
ਸਾਧ ਦੀ ਸੰਗਤ ਕਰ ਲੈ ਬੰਦੇ ਅਣਡਿੱਠਾ ਰਬ ਪਾਏਂਗਾ ।
ਸਾਧ ਦੀ ਸੰਗਤ ਕਰ ਲੈ ਬੰਦੇ ਫਲਦਾ ਫੁਲਦਾ ਜਾਏਂਗਾ ।
ਸਾਧ ਦੀ ਸੰਗਤ ਕਰ ਲੈ ਬੰਦੇ ਪੀਵੇਂਗਾ ਤੂੰ ਅੰਮ੍ਰਿਤ ਰਸ ।
ਸਾਧ ਦੀ ਸੰਗਤ ਕਰ ਲੈ ਬੰਦੇ ਹੋ ਜਾਣ ਪੰਜੇ ਤੇਰੇ ਵਸ ।
ਸਾਧ ਦੀ ਸੰਗਤ ਕਰ ਲੈ ਬੰਦੇ ਕਾਇਮ ਦਿਲ ਦਾ ਪਾਰਾ ਰਹੇ ।
ਅਵਤਾਰ ਮਿਲੇ ਜੇ ਸਾਧੂ ਪੂਰਾ ਮਨ ਨਾ ਇਹ ਆਵਾਰਾ ਰਹੇ ।

ਪਦਾ: 57 ਵਿਚੋਂ :

ਸਾਧ ਦੀ ਸੰਗਤ ਜੇਕਰ ਕਰ ਲਏਂ, ਮਨ ਦੀ ਭਟਕਣ ਜਾਏਗੀ ।
ਸਾਧ ਦੀ ਸੰਗਤ ਜੇਕਰ ਕਰ ਲਏਂ, ਦਿਲ ਵਿਚ ਮਸਤੀ ਆਏਗੀ । ...

...ਸਾਧ ਦੀ ਸੰਗਤ ਜੋ ਕੋਈ ਕਰ ਲਏ, ਪਲ ਪਲ ਤੇ ਮਸਰੂਰ ਰਹੇ । ...

| ਸੁਖਮਨੀ ਸਾਹਿਬ ਦੀ ਮੂਲ ਬਾਣੀ | ਖ੍ਵਾਜਾ ਦਿਲ ਮੁਹਮੰਦ ਦੁਆਰਾ ਅਨੁਵਾਦ (ਉਰਦੂ ਨਜ਼ਮ) |
|---|---|
| ਅਸ਼ਟਪਦੀ 7/6 ਵਿਚੋਂ : | |
| ਸਾਧ ਕੈ ਸੰਗਿ ਕਲੁਖਤ ਹਰੈ ॥...... | ਸਾਧ ਕੀ ਸੰਗਤ ਕਰਨੇ ਸੇ ਸਬ ਦਾਗ਼ ਔਰ ਧੱਬੇ ਧੋਏ ਜਾਏਂ ।...... |
| | |
| ਅਸ਼ਟਪਦੀ 7/8 ਵਿਚੋਂ : | |
| ...ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰ ॥ | ਸ਼ਾਨ ਹੈ ਊਂਚੀ ਸਾਧੋਂ ਕੀ, ਜੋ ਤੀਨ ਗੁਨੋਂ ਸੇ ਦੂਰ ਰਹੇ । |
| ਸਾਧ ਕੀ ਉਪਮਾ ਰਹੀ ਭਰਪੂਰਿ ॥ | ਸ਼ਾਨ ਹੈ ਊਂਚੀ ਸਾਧੋਂ ਕੀ, ਜਗ ਜਿਸ ਸੇ ਕੁਲ ਭਰਪੂਰ ਰਹੇ । |
| | |
| ਸਾਧ ਕੀ ਸੋਭਾ ਕਾ ਨਾਹੀ ਅੰਤ ॥ | ਸ਼ਾਨ ਹੈ ਊਂਚੀ ਸਾਧੋਂ ਕੀ, ਜਿਸ ਸ਼ਾਨ ਕਾ ਅੰਤ ਅੰਜਾਮ ਨਹੀਂ । |
| ਸਾਧ ਕੀ ਸੋਭਾ ਸਦਾ ਬੇਅੰਤ ॥...... | ਸ਼ਾਨ ਹੈ ਊਂਚੀ ਸਾਧੋਂ ਕੀ, ਜੋ ਹੋਤੀ ਖ਼ਤਮ ਤਮਾਮ ਨਹੀਂ ।...... |
| ...ਸਾਧ ਕੀ ਸੋਭਾ ਸਾਧ ਬਨਿ ਆਈ ॥ | ਸ਼ਾਨ ਹੈ ਊਂਚੀ ਸਾਧੋਂ ਕੀ, ਜੋ ਸਾਧੋਂ ਕੋ ਰਾਸ ਆਈ ਹੈ । |
| ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ | ਨਾਨਕ ਰਬ ਔਰ ਸਾਧੋਂ ਮੇਂ ਕਹਿਤਾ ਹੈ ਕੌਨ ਜੁਦਾਈ ਹੈ । |
| | |
| ਅਸ਼ਟਪਦੀ 8/5 ਵਿਚੋਂ : | |
| ਬ੍ਰਹਮ ਗਿਆਨੀ ਕੈ ਏਕੈ ਰੰਗ ॥ | ਜਿਸ ਕੇ ਮਨ ਮੇਂ ਗਿਆਨ ਖ਼ੁਦਾ ਕਾ,ਉਲਫ਼ਤ ਮੇਂ ਯਕ ਰੰਗ ਰਹੇ । |
| ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ ॥ | ਜਿਸ ਕੇ ਮਨ ਮੇਂ ਗਿਆਨ ਖ਼ੁਦਾ ਕਾ, ਰਬ ਭੀ ਉਸਕੇ ਸੰਗ ਰਹੇ । |
| ਬ੍ਰਹਮ ਗਿਆਨੀ ਕੈ ਨਾਮੁ ਆਧਾਰੁ ॥ | ਜਿਸ ਕੇ ਮਨ ਮੇਂ ਗਿਆਨ ਖ਼ੁਦਾ ਕਾ, ਨਾਮ ਉਸਕਾ ਆਧਾਰ ਰਹੇ । |
| ਬ੍ਰਹਮ ਗਿਆਨੀ ਕੈ ਨਾਮ ਪਰਵਾਰੁ ॥...... | ਜਿਸ ਕੇ ਮਨ ਮੇਂ ਗਿਆਨ ਖ਼ੁਦਾ ਕਾ, ਨਾਮ ਉਸਕਾ ਪਰਵਾਰ ਰਹੇ ।.. |
| | |
| ਅਸ਼ਟਪਦੀ 8/6 ਵਿਚੋਂ | |
| ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ ॥ | ਜਿਸ ਕੇ ਮਨ ਮੇਂ ਗਿਆਨ ਖ਼ੁਦਾ ਕਾ ਬ੍ਰਹਮਗਿਆਨੀ ਕਹਿਲਾਤਾ ਹੈ । |
| ਬ੍ਰਹਮ ਗਿਆਨੀ ਏਕ ਸੰਗਿ ਹੇਤਾ ॥...... | ਜਿਸ ਕੇ ਮਨ ਮੇਂ ਗਿਆਨ ਖ਼ੁਦਾ ਕਾ ਇਕ ਸੇ ਪ੍ਰੇਮ ਲਗਾਤਾ ਹੈ ।..... |
| ...ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥ | ...ਜਿਸ ਕੇ ਮਨ ਮੇਂ ਗਿਆਨ ਖ਼ੁਦਾ ਕਾ ਢੂੰਡੇ ਉਸ ਕੋ ਮਹੇਸ਼ਰ ਆਪ । |
| ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ | ਜਿਸ ਕੇ ਮਨ ਮੇਂ ਗਿਆਨ ਖ਼ੁਦਾ ਕਾ ਨਾਨਕ ਵੁਹ ਪ੍ਰਮੇਸ਼ਰ ਆਪ । |
| | |
| ਅਸ਼ਟਪਦੀ 8/7 ਵਿਚੋਂ | |
| ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥ | ਜਿਸ ਕੇ ਮਨ ਮੇਂ ਗਿਆਨ ਖ਼ੁਦਾ ਕਾ ਬੰਦਾ ਹੈ ਅਨਮੋਲ ਵੁਹੀ ।...... |
| ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥ | ...ਜਿਸ ਕੇ ਮਨ ਮੇਂ ਗਿਆਨ ਖ਼ੁਦਾ ਕਾ ਕੌਨ ਉਸੇ ਪਹਿਚਾਨੇਗਾ । |
| ਬ੍ਰਹਮ ਗਿਆਨੀ ਕੀ ਗਤਿ | ਜਿਸ ਕੇ ਮਨ ਮੇਂ ਗਿਆਨ ਖ਼ੁਦਾ ਕਾ |
| ਬ੍ਰਹਮ ਗਿਆਨੀ ਜਾਨੈ ॥ | ਗਿਆਨੀ ਉਸਕੋ ਜਾਨੇਗਾ ।... |

## ਅਵਤਾਰ ਬਾਣੀ

ਪਦਾ: 58 ਵਿਚੋਂ :

ਸਾਧ ਦੀ ਸੰਗਤ ਜੇ ਕਰ ਮਿਲ ਜਾਏ, ਮਿਟ ਜਾਂਦੇ ਨੇ ਕਾਲੇ ਦਾਗ਼ ।...

......ਸਾਧੂ ਹੁੰਦੈ ਜਿਹੜਾ ਸੱਚਾ ਤਿੰਨ ਗੁਣਾਂ ਤੋਂ ਦੂਰ ਕਰੇ ।
ਸਾਧੂ ਹੁੰਦੈ ਜਿਹੜਾ ਸੱਚਾ ਚਾਨਣ ਥੀਂ ਭਰਪੂਰ ਕਰੇ ।

ਸਾਧੂ ਹੁੰਦੈ ਅਸਗਾਹ ਸਾਗਰ, ਜਿਸਦਾ ਆਦਿ ਤੇ ਅੰਤ ਨਹੀਂ ।
ਸਾਧੂ ਦੀ ਵਡਿਆਈ ਐਨੀ ਜਿਸ ਦੀ ਕੋਈ ਗਣਤ ਨਹੀਂ ।
ਸਾਧੂ ਦੀ ਵਡਿਆਈ ਵੱਡੀ ਸਾਧਾਂ ਆਖ ਸੁਣਾਈ ਏ ।
ਕਹੇ ਅਵਤਾਰ ਰਬ ਸਾਧੂ ਅੰਧਰ ਹੁੰਦਾ ਭੇਦ ਨਾ ਰਾਈ ਏ ।

ਪਦਾ: 60 ਵਿਚੋਂ :

ਜਿਸਦੇ ਮਨ ਵਿਚ ਹਰਿ ਹਰਿ ਵਸਿਐ ਹਰਿ ਰੰਗ ਵਿਚ ਇਕ ਰੰਗ ਰਹੇ ।
ਪਲ ਪਲ ਸੰਗ ਹਰੀ ਦੇ ਰਹਿੰਦਾ ਰਬ ਵੀ ਉਹਦੇ ਸੰਗ ਰਹੇ ।
ਜਿਸ ਦੇ ਮਨ ਵਿਚ ਰਾਮ ਪ੍ਰੋਇਐ ਰਾਮ ਉਹਦਾ ਆਧਾਰ ਰਹੇ ।
ਨਾਮ ਖਾਏ ਤੇ ਨਾਮ ਹੀ ਪਹਿਨੇ ਨਾਮ ਉਹਦਾ ਪਰਵਾਰ ਰਹੇ ।

ਪਦਾ: 61 ਵਿਚੋਂ :

ਜਿਸ ਦੇ ਦਿਲ ਨਿਰੰਕਾਰ ਦਾ ਵਾਸਾ ਬ੍ਰਹਮਗਿਆਨੀ ਕਹਿਲਾਂਦਾ ਏ ।
ਜਿਸ ਦੇ ਦਿਲ ਨਿਰੰਕਾਰ ਦਾ ਵਾਸਾ ਇਸ ਨਾਲ ਪ੍ਰੀਤ ਵਧਾਂਦਾ ਏ ।
ਜਿਸ ਦੇ ਦਿਲ ਨਿਰੰਕਾਰ ਦਾ ਵਾਸਾ ਢੂੰਡਣ ਦੇਵ ਮਹੇਸ਼ਰ ਆਪ ।
ਜਿਸ ਦੇ ਦਿਲ ਨਿਰੰਕਾਰ ਦਾ ਵਾਸਾ ਹੁੰਦਾ ਏ ਪਰਮੇਸ਼ਰ ਆਪ ।

ਜਿਸ ਦੇ ਦਿਲ ਨਿਰੰਕਾਰ ਦਾ ਵਾਸਾ ਮੁਲ ਨਹੀਂ ਉਸਦਾ ਅਨਮੋਲ ।...
ਜਿਸ ਦੇ ਦਿਲ ਨਿਰੰਕਾਰ ਦਾ ਵਾਸਾ ਕੌਣ ਉਹਨੂੰ ਪਹਿਚਾਣੇਗਾ ।
ਭੇਦ ਇਹੋ ਜਹੇ ਬ੍ਰਹਮਗਿਆਨੀ ਦਾ
ਬ੍ਰਹਮਗਿਆਨੀ ਹੀ ਜਾਣੇਗਾ । ............

## ਭਾਗ–II: ਭਾਈ ਅਵਤਾਰ ਸਿੰਘ ਦੇ ਨਾਂ 'ਤੇ ਲਿਖੀ 'ਬਾਣੀ' ਦੇ ਚੋਣਵੇਂ ਅੰਸ਼:-

(5) ......ਮੈਂ ਹੋਇਆ ਹਾਂ ਜਦ ਤੋਂ ਇਹਦਾ ਹੋਇਆ ਹੈ ਨਿਰੰਕਾਰ ਮੇਰਾ।
ਓਹੋ ਵਰਤਾਂ ਏਹੋ ਵੰਡਾਂ ਏ ਹੋ ਕਾਰ ਵਿਹਾਰ ਮੇਰਾ।......

(6) ......ਨਿਰੰਕਾਰ ਦਾ ਹੁਕਮ ਹੈ ਮੈਨੂੰ ਪ੍ਰਗਟ ਮੈਂ ਨਿਰੰਕਾਰ ਕਰਾਂ।
ਨਿਰੰਕਾਰ ਦਾ ਹੁਕਮ ਹੈ ਮੈਨੂੰ ਸੌਖੇ ਦੁਨੀਆਦਾਰ ਕਰਾਂ। ......

((9)ੲ) ਰੱਬ ਨੇ ਕੁਝ ਨਹੀਂ ਖਾਣ ਨੂੰ ਦੱਸਿਆ ਰਬ ਵਲੋਂ ਕੁਝ ਬੰਦ ਨਹੀਂ।
ਖਾਣ ਪੀਣ ਹੈ ਤਨ ਦੀ ਖ਼ਾਤਰ ਰੂਹ ਦਾ ਕੋਈ ਸੰਬੰਧ ਨਹੀਂ।......
ਤੈਨੂੰ ਜਿਹੜਾ ਚੰਗਾ ਲੱਗੇ ਖਾ ਪੀ ਤੇ ਵਸਤਰ ਪਾ। ......

(80) ਪੂਰਾ ਗੁਰੂ ਨਾ ਦੱਸੇ ਹਰਗ਼ਿਜ਼ ਗੰਗਾ ਜਮਨਾ ਦੇ ਇਸ਼ਨਾਨ।
ਪੂਰਾ ਗੁਰੂ ਨਾ ਦੱਸੇ ਹਰਗ਼ਿਜ਼ ਤੀਰਥ ਪੂਜਾ ਪੁੰਨ ਤੇ ਦਾਨ।
ਪੂਰਾ ਗੁਰੂ ਨਾ ਪੜ੍ਹਨਾ ਦੱਸੇ ਗ੍ਰੰਥ ਅੰਜੀਲਾਂ ਵੇਦ ਕੁਰਾਨ।
ਪੂਰਾ ਗੁਰੂ ਨਾ ਦੱਸੇ ਹਰਗ਼ਿਜ਼ ਜੰਗਲ ਵਾਸ ਸਮਾਧੀ ਲਾਣ। ......

(84) ਮਾਇਆ ਦੇ ਜੋ ਲੋਭੀ ਨੇ ਕਰਮਾਂ ਧਰਮਾਂ ਵਿਚ ਪਾਂਦੇ ਨੇ।
ਮਾਇਆ ਦੇ ਜੋ ਲੋਭੀ ਨੇ ਲੋਕਾਂ ਨੂੰ ਨਾਮ ਰਟਾਂਦੇ ਨੇ।
ਮਾਇਆ ਦੇ ਜੋ ਲੋਭੀ ਨੇ ਪੱਥਰਾਂ ਨੂੰ ਸੀਸ ਝੁਕਾਂਦੇ ਨੇ।
ਮਾਇਆ ਦੇ ਜੋ ਲੋਭੀ ਨੇ ਬੁੱਤਾਂ ਨੂੰ ਭੋਗ ਲਵਾਂਦੇ ਨੇ।
ਮਾਇਆ ਦੇ ਜੋ ਲੋਭੀ ਨੇ ਤੀਰਥ ਅਸ਼ਨਾਨ ਕਰਾਂਦੇ ਨੇ।
ਮਾਇਆ ਦੇ ਜੋ ਲੋਭੀ ਨੇ ਹੱਜ ਕਾਬ੍ਹੇ ਨੂੰ ਵਡਿਆਂਦੇ ਨੇ। ......

(89) ......ਜਿੰਨੇ ਵੀ ਹੋ ਗੁਜ਼ਰੇ ਅੱਜ ਤੱਕ, ਆਪਣੇ ਆਪ ਨਾ ਪਾ ਸਕੇ।
ਰਾਮ ਕ੍ਰਿਸ਼ਨ ਤੇ ਨਾਨਕ ਤੱਕ ਵੀ ਖ਼ੁਦ ਨਾ ਪਰਦਾ ਲਾਹ ਸਕੇ। ......

(92) ......ਰੱਬ ਦਾ ਰਸਤਾ ਪੁੱਛ ਰਿਹਾ ਏਂ ਪੁਸਤਕ ਵੇਦ ਗ੍ਰੰਥਾਂ ਤੋਂ।
......ਥਾਂ ਥਾਂ ਧੱਕੇ ਧੋੜੇ ਖਾ ਕੇ ਭਰਦਾ ਜਾਂਦੈ ਚੱਟੀ ਨੂੰ।
ਅਵਤਾਰ ਗੁਰੂ ਦੀ ਸ਼ਰਨੀਂ ਆ ਕੇ ਨਹੀਂ ਖੁਲ੍ਹਵਾਂਦੈ ਪੱਟੀ ਨੂੰ। ......

(100) ......ਮੁੱਕ ਜਾਏਗਾ ਜੰਮਣਾ ਮਰਨਾ ਨਾ ਆਵੇਂ ਨਾ ਜਾਵੇਂਗਾ।
ਅਵਤਾਰ ਗੁਰੂ ਦੇ ਚਰਨ ਜੇ ਪੂਜੇਂ ਜੀਵਨ ਮੁਕਤੀ ਪਾਵੇਂਗਾ।

(138) ......ਕਹੇ ਅਵਤਾਰ ਗੁਰੂ ਹੀ ਰੱਬ ਏ ਇਸ ਵਿਚ ਕੋਈ ਭੁਲੇਖਾ ਨਹੀਂ।

(143) ......ਅਵਤਾਰ ਗੁਰੂ ਜੇ ਪੂਰਾ ਰੀਝੇ ਪ੍ਰੱਤਖ ਪ੍ਰਭੂ ਦਿਖਲਾ ਸਕਦੈ।

(145) ......ਅਵਤਾਰ ਗੁਰੂ ਨਾ ਮਿਹਰ ਕਰੇ ਜੇ ਦਿਸ ਨਹੀਂ ਸਕਦਾ ਇਹ ਨਿਰੰਕਾਰ।

(168) ......ਪੂਰ ਸਤਿਗੁਰ ਇਕੋ ਛਿਨ ਵਿਚ ਲੋਕੋ ਰਬ ਵਿਖਾਂਦਾ ਏ ।
ਵਾਰ ਵਾਰ ਅਵਤਾਰ ਗੁਰੂ ਤੋਂ ਵਾਰੇ ਵਾਰੇ ਜਾਂਦਾ ਏ ।
(187) ......ਉਹ ਸਤਿਗੁਰ ਜੋ ਰੱਬ ਵਿਖਾ ਦਏ ਮੰਗੇ ਕੋਈ ਲੇਖਾ ਨਾ ।
ਓਸੇ ਨੂੰ ਹੀ ਰੱਬ ਤੂੰ ਮੰਨੀਂ ਖਾਈਂ ਕਦੀ ਭੁਲੇਖਾ ਨਾ । ......
(194) ਕਈ ਆਖਣ ਸੂਰਜ ਹੀ ਰੱਬ ਏ ਕਈ ਆਖਣ ਅਸਮਾਨ ਏ ਰੱਬ ।
ਕਈ ਜਲ ਨੂੰ ਹੀ ਪਏ ਰੱਬ ਮੰਨ ਦੇ ਕਈ ਆਖਣ ਇਸ਼ਨਾਨ ਏ ਰੱਬ ।......
ਕਹੇ ਅਵਤਾਰ ਇਹ ਚੱਕਰ ਚਿਹਨ ਤੇ ਰੂਪ ਰੰਗ ਤੋਂ ਨਿਆਰਾ ਏ ।
(205) ਮੰਦਰ ਦੇ ਵਿਚ ਮੁਸਲਿਮ ਜਾ ਕੇ ਕਲਮਾ ਨਹੀਂ ਸੁਣਾ ਸਕਦਾ ।
ਹਿੰਦੂ ਜਾ ਕੇ ਗੁਰਦੁਆਰੇ ਰਾਮ ਨਾਮ ਨਹੀਂ ਗਾ ਸਕਦਾ ।
ਮਸਜਿਦ ਅੰਦਰ ਸਿੱਖ ਜੇ ਜਾਵੇ ਵਾਹਿਗੁਰੂ ਨਹੀਂ ਬੁਲਾ ਸਕਦਾ ।
ਮੰਦਰ ਦੇ ਵਿਚ ਬੈਠ ਈਸਾਈ ਗਾਡ ਗਾਡ ਨਹੀਂ ਗਾ ਸਕਦਾ ।
ਪੂਰਾ ਸਤਿਗੁਰ ਜਾਤ ਪਾਤ ਦੇ ਝਗੜੇ ਸਭ ਮਿਟਾਂਦਾ ਏ ।
ਕਹੇ ਅਵਤਾਰ ਇਹ ਚਹੁੰ ਵਰਨਾਂ ਨੂੰ ਇਕੋ ਥਾਂ ਬਿਠਾਂਦਾ ਏ ।
(214) ਮੈਂ ਆਖਾਂ ਮੈਂ ਰਬ ਨੂੰ ਪਾਇਆ ਲੋਕੀਂ ਮੰਨਦੇ ਗੱਲ ਨਹੀਂ ।
ਆਪਣੀ ਬੀਤੀ ਆਪ ਸੁਣਾਵਾਂ ਇਸ ਵਿਚ ਕੋਈ ਛਲ ਨਹੀਂ ।
ਮੈਂ ਇਹ ਜੀਂਦੇ ਜੀਅ ਪਿਆ ਆਖਾਂ ਮੁਕਤੀ ਲੋਕੋ ਪਾ ਲਈ ਏ ।
ਜਨਮ ਮਰਨ ਦੀ ਫਾਹੀ ਲੋਕੋਂ ਆਪਣੇ ਗਲ 'ਚੋਂ ਲਾਹ ਲਈ ਏ ।
ਮੇਰੇ ਬਿਆਨ ਨੇ ਹਲਫ਼ੀਆਂ ਲੋਕੋ ਮੈਂ ਹੁਣ ਜੰਮਣਾ ਮਰਨਾ ਨਹੀਂ ।
ਕਹੇ ਅਵਤਾਰ ਉਸ ਧਰਮਰਾਜ ਤੋਂ ਇਸ ਮੇਰੀ ਰੂਹ ਡਰਨਾ ਨਹੀਂ ।
(238) ......ਬੰਦਾ ਬਣਿਆ ਸੀ ਇਸ ਖ਼ਾਤਿਰ ਮਾਲਕ ਦੀ ਪਹਿਚਾਣ ਕਰੇ ।
ਕਹੇ ਅਵਤਾਰ ਬਿਨਾ ਮਾਲਕ ਦੇ ਬੰਦਗੀ ਵੀ ਨੁਕਸਾਨ ਕਰੇ ।
(240) ......ਪਹਿਲੋਂ ਦਰਸ਼ਨ ਮਗਰੋਂ ਪ੍ਰੀਤੀ ਫਿਰ ਭਾਵੇਂ ਕੋਈ ਜਾਪ ਕਰੇ ।
ਕਹੇ ਅਵਤਾਰ ਬਿਨਾ ਰਬ ਵੇਖੇ ਜਾਪ ਨਹੀਂ ਵਿਰਲਾਪ ਕਰੇ ।
(285) ......ਤੂ ਸਾਕਾਰ ਭੀ ਹੈ ਨਿਰਾਕਾਰ ਭੀ ।
ਤੂ ਹੈਂ ਗੁਰਬਚਨ ਭੀ ਔਰ ਅਵਤਾਰ ਭੀ । ......
(299) ......ਸ਼ਰਨ ਆਏ ਨੂੰ ਪਾਰ ਲਗਾਵੇ ਪੂਰੇ ਗੁਰ ਦੀ ਇਹੋ ਨਿਸ਼ਾਨੀ ।
ਕਹੇ ਅਵਤਾਰ ਜੋ ਬ੍ਰਹਮ ਵਿਖਾਵੇ ਉਹ ਬੰਦਾ ਹੁੰਦਾ ਬ੍ਰਹਮਗਿਆਨੀ ।
(300) ......ਸਭ ਬੂਟੇ ਦੀ ਹੋਈ ਏ ਕਿਰਪਾ ਜਿਸ ਇਹ ਬੂਟਾ ਲਾਇਆ ਏ ।
ਕਲਪ-ਬ੍ਰਿਛ ਦੀ ਛਾਵੇਂ ਬਹਿ ਅਵਤਾਰ ਜੋ ਮੰਗਿਆ ਪਾਇਆ ਏ ।

## ਭਾਗ –III: 'ਬਾਣੀ ਜਗਤ ਮਾਤਾ' ਦੇ ਚੋਣਵੇਂ ਅੰਸ਼:–

173 ਡਾਕਟਰ ਦੇ ਲੜ ਲਗੀ ਕੋਈ ਬਣ ਗਈ ਆਪੇ ਡਾਕਟਰਨੀ ।
ਮਾਸਟਰ ਦੇ ਨਾਲ ਲਈਆਂ ਲਾਵਾਂ ਸਭ ਜਗ ਆਖੇ ਮਾਸਟਰਨੀ ।
ਸਾਧ ਸੰਗਤ ਦੀ ਮਿਹਰ ਦੁਆਰਾ ਗੱਲ ਇਹ ਇਕੋ ਜਾਣੀ ਮੈਂ ।
ਅਵਤਾਰ ਗੁਰੂ ਦੇ ਲੜ ਮੈਂ ਲੱਗੀ ਬਣ ਗਈ ਜਗ ਦੀ ਰਾਣੀ ਮੈਂ ।
ਸੰਤ ਮਿਲੇ ਤੇ ਸੰਤ ਬਣੀ ਹਾਂ, ਇਹ ਬੂਟਾ ਤੇ ਮੈਂ ਹਾਂ ਛਾਂ ।
ਜਗਤ ਪਿਤਾ ਨੇ ਚਰਨੀ ਲਾਇਆ, ਆਪੇ ਬਣ ਗਈ ਜਗ ਦੀ ਮਾਂ ।

174 ਸਚ ਪੁੱਛੋਂ ਤੇ ਇਹ ਵਡਿਆਰੀ ਸਾਰੀ ਸਿਰਜਨਹਾਰ ਦੀ ਏ ।
ਜਾਂ ਫਿਰ ਬਾਬੇ ਬੂਟੇ ਦੀ ਏ ਜਾਂ ਸਤਿਗੁਰ ਅਵਤਾਰ ਦੀ ਏ ।
ਭੇਦ ਗੁਰੂ ਦੀ ਬਾਣੀ ਦਾ ਅੱਜ ਸਾਹਵੇਂ ਮੇਰੇ ਖੁਲ੍ਹ ਰਿਹੈ ।
ਤਕ ਤਕ ਕੇ ਵਡਿਆਈ ਮੇਰੀ ਜਗ ਇਹ ਸਾਰਾ ਭੁੱਲ ਰਿਹੈ ।

176 ਨਿਰੰਕਾਰ ਦਾ ਹੁਕਮ ਜੋ ਆਇਆ ਉਸਨੂੰ ਪੂਰਾ ਕੀਤਾ ਏ ।
ਰੱਬ ਨੂੰ ਆਪਣੀ ਕੁੱਖ ਵਸਾਕੇ ਜੀਵਨ ਸਫਲਾ ਕੀਤਾ ਏ ।
ਅਵਤਾਰ ਗੁਰੂ ਦੀ ਕੁਲ ਵਡਿਆਈ ਏਸੇ ਦਾ ਹੈ ਕੁਲ ਕਮਾਲ ।
ਦੀਨ ਦਿਆਲ ਜੋ ਕਿਰਪਾ ਕੀਤੀ ਘਰ ਵਿਚ ਜੰਮਿਆ ਦੀਨ ਦਿਆਲ ।
ਗੁਰੂਬਚਨ ਨੂੰ ਸਤਿਗੁਰੂ ਸਮਝੋ ਇਹ ਹੈ ਕਲਯੁਗ ਦਾ ਅਵਤਾਰ ।
ਨਾਰਾਇਣ ਨੇ ਰੂਪ ਵਟਾਇਆ ਰੰਗ ਬਦਲਿਆ ਖੁਦ ਨਿਰੰਕਾਰ ।
ਆਦਿ ਅੰਤ ਹੈ ਏਹੋ ਜਗਦਾ, ਏਹੋ ਜਗ ਦਾ ਬਾਨੀ ਏਂ ।
ਜੋ ਸਮਝੇ ਬੁੱਧਵੰਤੀ ਜਾਇਆ ਮਹਾਂ ਮੂੜ੍ਹ ਅਗਿਆਨੀ ਏਂ ।
ਗੁਰੂ ਬਚਨ ਹੈ ਰਾਖਾ ਜਗ ਦਾ ਏਹੋ ਜਗ ਦਾ ਮਾਲਕ ਏ ।
ਰਾਜ਼ਕ ਦਾਤਾ ਕੁਲ ਦੁਨੀਆ ਦਾ ਸਾਰੇ ਜਗ ਦਾ ਪਾਲਕ ਏ ।
ਗੁਰੂਬਚਨ ਨੂੰ ਤੀਰਥ ਸਮਝੋ ਇਹ ਸੰਤਾਂ ਦਾ ਮੰਦਰ ਏ ।
ਮੇਰੀ ਸੁਰਤ ਮੇਰੀ ਜੋਤੀ ਸਭ ਕੁਝ ਇਸ ਦੇ ਅੰਦਰ ਏ ।

## 'ਬਾਣੀ ਰਾਜ ਮਾਤਾ' ਦੇ ਚੋਣਵੇਂ ਅੰਸ਼:–

236 ਸਿਖ ਘਰਾਣੇ ਦੀ ਹਾਂ ਬੱਚੀ, ਜੰਮ-ਪਲ ਮੇਰਾ ਕੈਮਲ ਪੁਰ ।
ਧੰਨ ਧੰਨ ਉਹ ਧਰਤੀ ਹੈ ਲੋਕੋ, ਜਿੱਥੇ ਦਾ ਹੈ ਪੂਰਾ ਗੁਰ ।

ਬਚਪਨ ਵਿਚ ਇਕ ਲਟਕ ਲਗੀ ਸੀ, ਨਿਤ ਗੁਰਦੁਆਰੇ ਜਾਵਣ ਦੀ ।
ਸਰਦੀ ਹੋਵੇ ਗਰਮੀ ਹੋਵੇ ਠੰਢੇ ਪਾਣੀ ਨ੍ਹਾਵਣ ਦੀ ।
ਫੋਟੂਆਂ ਦੇ ਕੈਲੰਡਰਾਂ ਦੇ ਵੱਲ ਹਰ ਦਮ ਵਿੰਹਦੀ ਰਹਿੰਦੀ ਸਾਂ ।
ਦਿਓ ਦਰਸ ਗੁਰੂ ਗੋਬਿੰਦ ਸਿੰਘ ਜੀ ਹਰ ਦਮ ਕਹਿੰਦੀ ਰਹਿੰਦੀ ਸਾਂ ।
ਇਕ ਦਿਨ ਆਪਣੇ ਸੁਪਨੇ ਅੰਦਰ ਨਵਾਂ ਨਜ਼ਾਰਾ ਤੱਕਿਆ ਮੈਂ ।
ਅਰਸ਼ ਫ਼ਰਸ਼ ਦੇ ਅੰਦਰ ਗੋਬਿੰਦ ਸਿੰਘ ਪਿਆਰਾ ਤੱਕਿਆ ਮੈਂ ।
ਸੋਮਾਂ ਮਾਂ ਤੇ ਬਾਬੂ ਜੀ ਸਨ ਮੈਨੂੰ ਪੁੱਛਦੇ ਬਾਰੋ ਬਾਰ ।
ਕਿਹੜੀ ਸ਼ੈ ਹੈ ਅਰਸ਼ੀ ਫ਼ਰਸ਼ੀ ਜਿਸਨੂੰ ਕਹਿੰਦੇ ਨੇ ਨਿਰੰਕਾਰ ।
ਸ਼ਹਿਨਸ਼ਾਹ ਅਵਤਾਰ ਦੇ ਪਾਸੋਂ ਰਾਜ਼ ਇਲਾਹੀ ਖੁਲ੍ਹਿਆ ਜਾਂ ।
ਇਸ ਭਾਂਡੇ ਵਿਚ ਰੱਬ ਆ ਬੈਠਾ ਮਨ ਦਾ ਭਾਂਡਾ ਡੁਲ੍ਹਿਆ ਜਾਂ ।
ਨੂੰਹ ਬਣੀ ਅਵਤਾਰ ਗੁਰੂ ਦੀ ਬਦਲ ਗਈ ਜੀਵਨ ਦੀ ਧਾਰ ।
ਦਾਸੀ ਤੋ ਮੈਂ ਬਣ ਗਈ ਰਾਣੀ ਤੇਰੀ ਬਖ਼ਸ਼ਿਸ਼ ਬੜੀ ਅਪਾਰ ।
237 ਗੁਰੂ ਘਰ ਦੀ ਨੂੰਹ-ਧੀ ਹਾਂ ਮੈਂ ਇਹ ਵੀ ਮੈਨੂੰ ਰਹੇ ਧਿਆਨ ।
ਤਨ ਮਨ ਧਨ ਨਾਲ ਸੇਵ ਕਮਾਂਵਾਂ ਜੋ ਆਵੇ ਤੇਰਾ ਫ਼ੁਰਮਾਨ ।
ਇਸ ਨੂੰ ਕੀ ਸੁਣਾਕੇ ਦੱਸਣਾ ਇਹ ਤਾਂ ਅੰਤਰਜਾਮੀ ਏਂ ।
ਕੁਲਵੰਤ ਦਾ ਬਣਿਆ ਸਵਾਮੀ ਜਿਹੜਾ ਘਟ-ਘਟ ਅੰਤਰਯਾਮੀ ਏਂ ।

## ਭਾਗ –IV: ਕੁਝ 'ਸੰਤਾਂ' ਦੇ ਨਾਂ 'ਤੇ ਲਿਖੀ 'ਬਾਣੀ' ਦੇ ਚੋਣਵੇਂ ਅੰਸ਼:–

ਸੰਤ ਬਾਣੀ (ਸੰਤਾ ਦੀ ਗਿਣਤੀ =41)

182 ਜੰਮਿਆ ਵਿਚ ਢੁਡਿਆਲ ਦੇ ਸਾਂ ਮੈਂ ਸਿੱਖ ਘਰਾਣਾ ਉੱਚਾ ਸੀ ।
ਗੁਰੂ ਨਾਨਕ ਤੇ ਸ਼ਰਧਾ ਮੇਰੀ ਪਿਆਰ ਵੀ ਉੱਚਾ ਸੁੱਚਾ ਸੀ ।
ਜਦ ਤੋਂ ਸੀ ਮੈਂ ਹੋਸ਼ ਸੰਭਾਲੀ ਬਾਣੀ ਸੁਣਦਾ ਗਾਂਦਾ ਸਾਂ ।
ਨੇਮ ਨਾਲ ਮੈਂ ਤੜਕੇ ਉਠਕੇ ਗੁਰਦੁਆਰੇ ਜਾਂਦਾ ਸਾਂ ।
ਲਾਈ ਸੁੰਨ ਸਮਾਧੀ ਫੇਰੀ ਮਾਲਾ ਪਾਠ ਰਖਾਏ ਮੈਂ ।
ਹੱਥੋਂ ਪੁੰਨ ਦਾਨ ਵੀ ਕੀਤੇ ਲੰਗਰ ਖੂਬ ਲੁਆਏ ਮੈਂ ।
ਹੋ ਜਾਏ ਦਰਸ ਹਰੀ ਦਾ ਮੈਨੂੰ ਲਾਇਆ ਜ਼ੋਰ ਬਥੇਰਾ ਸੀ ।
ਗਿਆਨ ਦੇ ਬਾਝੋਂ ਰਾਹ ਨਾ ਸੁੱਝੇ ਮਨ ਵਿਚ ਘੁੱਪ ਹਨੇਰਾ ਸੀ ।
ਸੋਚਾਂ ਦੇ ਵਿਚ ਡੁੱਬਾ ਹੋਇਆ ਬੈਠਾ ਢਾਹ ਕੇ ਢੇਰੀ ਨੂੰ ।
ਜਾਗੇ ਭਾਗ ਅਵਤਾਰ ਆ ਮਿਲਿਆ ਸੁੱਤੀ ਕਿਸਮਤ ਮੇਰੀ ਨੂੰ ।
ਪੂਰਾ ਗੁਰ ਅਵਤਾਰ ਜਾਂ ਮਿਲਿਆ ਰਮਿਆ ਰਾਮ ਵਿਖਾ ਦਿੱਤਾ ।
ਅੰਨ੍ਹੇ ਖੂਹ 'ਚੋਂ ਕੱਢਕੇ ਮੈਨੂੰ ਸਿੱਧੇ ਰਾਹ 'ਤੇ ਪਾ ਦਿੱਤਾ ।

182(ੳ) ਕਰਾਮਾਤ ਹੈ ਪੂਰੇ ਗੁਰ ਦੀ ਕੱਲਰ ਖੇਤ ਉਗਾ ਸਕਦੈ ।
ਜੇ ਕਰ ਚਾਹੇ ਚਿੜੀਆਂ ਕੋਲੋਂ ਬਾਜ਼ਾ ਨੂੰ ਮਰਵਾ ਸਕਦੈ । ............(ਸੰਤ ਭਾਗ ਸਿੰਘ)

183 ਨਾ ਗਿਰਧਾਰੀ ਲਾਲ ਮੇਰਾ ਤੇ ਲਾਹੌਰ 'ਚ ਜੰਮਿਆ ਪਲਿਆ ਮੈਂ ।
ਪਿਤਾ ਪੁਰਖੀ ਦੀ ਲੀਹਾਂ ਉੱਤੇ ਜ਼ੋਰ ਸ਼ੋਰ ਨਾ ਚਲਿਆ ਮੈਂ ।
ਮੰਦਰ ਜਾਂਦਾ ਪੂਜਾ ਕਰਦਾ ਜਪ ਤਪ ਵੀ ਮੈਂ ਕਰਦਾ ਸਾਂ ।
ਹਾੜ ਸਿਆਲ ਦੀ ਗਰਮੀ ਸਰਦੀ ਰਾਵੀ ਕੰਢੇ ਜਰਦਾ ਸੀ ।
ਜੋਗੀ ਤੇ ਸਨਿਆਸੀ ਕਈ ਆਪਣੇ ਗੁਰੂ ਬਣਾਏ ਮੈਂ ।
ਕੰਨਾਂ ਵਿਚ ਦੇ ਉਂਗਲਾਂ ਆਸਣ ਪੁੱਠੇ ਸਿੱਧੇ ਲਾਏ ਮੈਂ ।
ਜੋ ਦੱਸੇ ਗੁਰੂਆਂ ਨੇ ਮੰਤਰ ਦਿਨ ਤੇ ਰਾਤੀਂ ਪੜ੍ਹਦਾ ਸਾਂ ।
ਆਪਣੀ ਕਰਨੀ ਚੰਗੀ ਸਮਝਾਂ ਵੇਖ ਹੋਰਾਂ ਨੂੰ ਸੜਦਾ ਸਾਂ ।
ਜਿਸ ਰੱਬ ਦੇ ਲਈ ਜਫ਼ਰ ਜਾਲੇ ਆਪਾ ਘੋਲ ਘੁਮਾਇਆ ਮੈਂ ।
'ਭੌਰ' ਗੁਰੂ ਅਵਤਾਰ ਨੇ ਦੱਸਿਆ ਛਿਨ ਵਿਚ ਰੱਬ ਨੂੰ ਪਾਇਆ ਮੈਂ ।

ਦਿਨ ਤੇ ਰਾਤੀਂ ਕੀਰਤਨ ਕੀਤੇ ਉੱਚੀਆਂ ਕਰ ਕਰ ਬਾਹਵਾਂ ਮੈਂ ।
ਸ਼ਾਮ ਮੁਰਾਰੀ ਰਾਧੇ ਸ਼ਾਮਾਂ ਆ ਜਾ ਤਰਲੇ ਪਾਵਾਂ ਮੈਂ ।
184 ਘਰ, ਘਰ ਬਹਿ-ਬਹਿ ਮੂਰਤੀ ਅੱਗੇ ਵੱਟੀ ਧੂਫ ਧੁਖਾਂਦਾ ਸਾਂ ।
ਥਾਲੀ ਦੇ ਵਿਚ ਰੱਖਕੇ ਦੀਵੇ ਆਰਤੀ ਸ਼ਾਮ ਦੀ ਗਾਂਦਾ ਸਾਂ ।
ਕਈ ਵਾਰੀ ਘਰ ਸੱਦਕੇ ਪੰਡਤ ਭਗਵਤ ਕਥਾ ਰਖਾਈ ਮੈਂ ।
ਰਿਧੀ ਸਿਧੀ ਪਾਵਣ ਦੇ ਲਈ ਉਲਟੀ ਪੜ੍ਹੀ ਪੜ੍ਹਾਈ ਮੈਂ । ...(ਸੰਤ ਗਿਰਧਾਰੀ ਲਾਲ ਭੌਰ)
189 ......ਪਾਠਾਂ ਦੇ ਰਜ ਲਾ ਲਏ ਘੋਟੇ ਰਜ ਰਜ ਪੜ੍ਹ ਲਈ ਗੀਤਾ ਮੈਂ ।
ਪੰਜ ਸੱਤ ਮੈਂ ਗੁਰੂ ਵੀ ਧਾਰੇ ਨਾਮ ਉਨ੍ਹਾਂ ਤੋਂ ਲੀਤਾ ਮੈਂ ।
ਗੰਗਾ ਜਾ ਜਾ ਟੁੱਬੀਆਂ ਲਾਈਆਂ ਕੀਤੇ ਮੈਂ ਇਸ਼ਨਾਨ ਕਈ ।
ਪੰਡਤਾਂ ਦੇ ਮੈਂ ਲਗ-ਲਗ ਆਖੇ ਕੀਤੇ ਪੁੰਨ ਤੇ ਦਾਨ ਕਈ ।
......ਔਖੇ ਸੌਖੇ ਕਰਮ ਕਮਾਏ, ਰਾਹ ਪਰ ਨਜ਼ਰੀਂ ਅਇਆ ਨਾ ।
'ਦੇਸ' ਕਹੇ ਅਵਤਾਰ ਦੇ ਬਾਝੋਂ ਕਿਸੇ ਵੀ ਘਰ ਦਿਖਲਾਇਆ ਨਾ ।...... (ਸੰਤ ਦੇਸ ਰਾਜ)
193 ਮਾਲਾ ਫੇਰੀ ਪਾਠ ਕਰਾਏ ਕੀਤੇ ਗੰਗਾ ਦੇ ਇਸ਼ਨਾਨ
ਜਾ ਜਾ ਮੰਦਰ ਟੋਲੇ ਸਾਰੇ ਨਜ਼ਰੀਂ ਆਇਆ ਨਾ ਭਗਵਾਨ ।
ਫੋਲ ਲਏ ਮੈਂ ਪੰਨੇ ਸਾਰੇ ਗੀਤਾ ਵੇਦ ਗ੍ਰੰਥਾਂ ਦੇ ।
ਆਖੇ ਲਗ ਕਈ ਕਰਮ ਕਮਾਏ ਗੱਦੀ-ਦਾਰ ਮਹੰਤਾਂ ਦੇ ।
ਘਲ ਮੇਰੀ ਪਰ ਗਈ ਅਜਾਈਂ ਹੋਇਆ ਰੱਬ ਦਾ ਨਾ ਦੀਦਾਰ ।
ਸ਼ਰਨ ਗੁਰੂ ਅਵਤਾਰ ਦੀ ਆ ਕੇ ਦਿਸ ਪਿਆ ਏ ਦਸਵਾਂ ਦੁਆਰ । ...... (ਸੰਤ ਰਾਮ ਸਰਨ)
250 ਫਿਰਿਆ ਤੀਰਥ ਕਾਬ੍ਹੇ ਕਾਂਸ਼ੀ ਨ੍ਹਾਤਾ ਸੰਗਮ ਗੰਗਾ ਵੀ ।
ਗੰਗਾ ਜਲ ਵਿਚ ਮਾਘ ਮਹੀਨੇ ਰਿਹਾ ਖਲੋਤਾ ਨੰਗਾ ਵੀ
251 ਭੇਦ ਪਾਣ ਲਈ ਦਰਸ ਕਰਨ ਲਈ ਇਸ ਪ੍ਰਭ ਅੰਤਰਜਾਮੀ ਦਾ ।
ਆਸ ਪੁਜਾ ਦਏ ਸ਼ਾਇਦ ਮੈਂ ਲੜ ਫੜਿਆ ਰਾਧਾ-ਸੁਆਮੀ ਦਾ ।
ਕੰਨ ਵਿਚ ਉਂਗਲਾਂ ਮੀਟ ਕੇ ਅੱਖਾਂ ਖੂਬ ਸਮਾਧੀ ਲਾਈ ਮੈਂ ।
ਖਵਰੇ ਪੱਲੇ ਪੈ ਜਾਏ ਸੌਦਾ ਔਖੀ ਘਾਲ ਕਮਾਈ ਮੈਂ ।
ਕਰਮ ਕਰ-ਕਰ ਹਾਰਿਆ ਦਿਸਿਆ ਨਾ ਇਹ ਚੰਦ ।
ਅਵਤਾਰ ਗੁਰੂ ਦੀ ਭਾਲ ਵਿਚ ਕੰਨ ਵੀ ਹੋ ਗਏ ਬੰਦ ।......... (ਸੰਤ ਮੁਖਤਿਆਰ ਸਿੰਘ)

# ਭਾਗ–V: ਸਾਰਾਂਸ਼

ਇਸ ਭਾਗ ਵਿਚ ਪਹਿਲੇ ਚਾਰ ਭਾਗਾਂ ਦੀ ਸੰਖੇਪ ਸਮੀਖਿਆ ਕੀਤੀ ਗਈ ਹੈ :-

## ਭਾਗ –I

ਇਸ ਭਾਗ ਵਿਚ ਇਕ ਪੰਨੇ ਉੱਤੇ ਮੂਲ ਗੁਰਬਾਣੀ ਦੇ ਸਾਹਮਣੇ ਦਿਲ ਮੁੰਹਮਦ ਸਾਹਿਬ ਵੱਲੋਂ ਉਰਦੂ ਨਜ਼ਮ ਵਿਚ ਕੀਤਾ ਮੂਲ ਗੁਰਬਾਣੀ ਦਾ ਅਨੁਵਾਦ (ਉਲਥਾ) ਦਿੱਤਾ ਗਿਆ ਹੈ । ਇਸ ਦੇ ਸਾਮ੍ਹਣੇ ਪੰਨੇ ਓੱਤੇ ਦਿਲ ਮੁਹੰਮਦ ਸਾਹਿਬ ਦੇ ਅਨੁਵਾਦ ਦਾ ਹੂ-ਬ-ਹੂ ਪੰਜਾਬੀ ਰੂਪ, ਜਿਵੇਂ 'ਅਵਤਾਰ ਬਾਣੀ' ਵਿਚ ਉਸਦੇ ਲੇਖਕ ਵੱਲੋਂ ਲਿਖਿਆ ਹੋਇਆ ਹੈ, ਦਿੱਤਾ ਗਿਆ ਹੈ । ਇਨ੍ਹਾਂ ਦੋਵਾਂ ਦੀ ਤੁੱਲਨਾ ਕਰਕੇ ਇਹ ਗੱਲ ਸਾਫ ਹੋ ਜਾਂਦੀ ਹੈ ਕਿ 'ਅਵਤਾਰ ਬਾਣੀ' ਦੇ ਲੇਖਕ ਨੇ ਕਿਸ ਚਤੁਰਾਈ ਅਤੇ ਸਫ਼ਾਈ ਨਾਲ, ਦਿਲ ਮੁਹੰਮਦ ਸਾਹਿਬ ਦੇ ਮਾਧਿਅਮ ਰਾਹੀਂ ਧੁਰ ਕੀ ਬਾਨੀ ਦੀ ਨਕਲ (Plagiarising ) ਕੀਤੀ ਹੈ, ਜੋ ਅਨੈਤਿਕ ਹੋਣ ਦੇ ਨਾਲ-ਨਾਲ ਗੈਰ ਕਾਨੂੰਨੀ ਵੀ ਹੈ ।

## ਭਾਗ–II

ਇਸ ਭਾਗ ਵਿਚ ਭਾਈ ਅਵਤਾਰ ਸਿੰਘ ਵੱਲੋਂ ਲਿਖੀ 'ਬਾਣੀ' ਦੇ ਕੁਝ ਚੋਵਣੇਂ ਅੰਸ਼ ਦਿੱਤੇ ਗਏ ਹਨ । ਇਸਦੇ ਮਿਆਰ ਅਤੇ ਵਨਗੀ ਤੋਂ ਪਾਠਕ ਜਨ ਸਹਿਜੇ ਹੀ ਅੰਦਾਜ਼ਾ ਲਗਾ ਲੈਣਗੇ ਕਿ ਦੋਵਾਂ ਭਾਗਾਂ (ਭਾਗ-I ਅਤੇ ਭਾਗ –II) ਵਿਚ ਦਿੱਤੀਆਂ ਬਾਨੀਆਂ ਦੀ ਗੁਣਵੱਤਾ ਦਾ ਆਪਸ ਵਿਚ ਕਿੰਨਾ ਫ਼ਰਕ ਹੈ ।

ਇਸ ਭਾਗ ਵਿਚ ਹੇਠ ਲਿਖੀਆਂ ਸਤਰਾਂ ਵਿਸ਼ੇਸ਼ ਤੌਰ 'ਤੇ ਧਿਆਨ-ਯੋਗ ਹਨ:-

ਰੱਬ ਨੇ ਕੁਝ ਨਹੀਂ ਖਾਣ ਨੂੰ ਦੱਸਿਆ ਰਬ ਵਲੋਂ ਕੁਝ ਬੰਦ ਨਹੀਂ ।
ਖਾਣ ਪੀਣ ਹੈ ਤਨ ਦੀ ਖ਼ਾਤਰ ਰੂਹ ਦਾ ਕੋਈ ਸੰਬੰਧ ਨਹੀਂ ।......
ਤੈਨੂੰ ਜਿਹੜਾ ਚੰਗਾ ਲੱਗੇ ਖਾ ਪੀ ਤੇ ਵਸਤਰ ਪਾ । ......
ਪੂਰਾ ਗੁਰੂ ਨਾ ਦੱਸੇ ਹਰਗਿਜ਼ ਤੀਰਥ ਪੂਜਾ ਪੁੰਨ ਤੇ ਦਾਨ ।
ਪੂਰਾ ਗੁਰੂ ਨਾ ਪੜ੍ਹਨਾ ਦੱਸੇ ਗ੍ਰੰਥ ਅੰਜੀਲਾਂ ਵੇਦ ਕੁਰਾਨ ।
ਮਾਇਆ ਦੇ ਜੋ ਲੋਭੀ ਨੇ ਲੋਕਾਂ ਨੂੰ ਨਾਮ ਰਟਾਂਦੇ ਨੇ ।
ਮਾਇਆ ਦੇ ਜੋ ਲੋਭੀ ਨੇ ਤੀਰਥ ਅਸ਼ਨਾਨ ਕਰਾਂਦੇ ਨੇ ।
ਮਾਇਆ ਦੇ ਜੋ ਲੋਭੀ ਨੇ ਹੱਜ ਕਾਬ੍ਹੇ ਨੂੰ ਵਡਿਆਂਦੇ ਨੇ । ......
ਰਾਮ ਕ੍ਰਿਸ਼ਨ ਤੇ ਨਾਨਕ ਤੱਕ ਵੀ ਖ਼ੁਦ ਨਾ ਪਰਦਾ ਲਾਹ ਸਕੇ । ......
ਥਾਂ ਥਾਂ ਧੱਕੇ ਧੋੜੇ ਖਾ ਕੇ ਭਰਦਾ ਜਾਂਦੈ ਚੱਟੀ ਨੂੰ ।
ਅਵਤਾਰ ਗੁਰੂ ਦੀ ਸ਼ਰਨੀਂ ਆ ਕੇ ਨਹੀਂ ਖੁਲ੍ਹਵਾਂਦੈ ਪੱਟੀ ਨੂੰ । ......
ਪਹਿਲੋਂ ਦਰਸ਼ਨ ਮਗਰੋਂ ਪ੍ਰੀਤੀ ਫਿਰ ਭਾਵੇਂ ਕੋਈ ਜਾਪ ਕਰੇ ।

ਕਹੇ ਅਵਤਾਰ ਬਿਨਾ ਰਬ ਵੇਖੇ ਜਾਪ ਨਹੀਂ ਵਿਰਲਾਪ ਕਰੇ ।
ਤੂ ਸਾਕਾਰ ਭੀ ਹੈ ਨਿਰਾਕਾਰ ਭੀ ।
ਤੂ ਹੈਂ ਗੁਰਬਚਨ ਭੀ ਔਰ ਅਵਤਾਰ ਭੀ । ......

## ਭਾਗ–III

ਇਸ ਭਾਗ ਵਿਚ 'ਜਗਤ ਮਾਤਾ' ਅਤੇ 'ਰਾਜ ਮਾਤਾ' ਦੇ ਨਾਵਾਂ ਉੱਤੇ ਲਿਖੀ 'ਬਾਣੀ' ਦੇ ਚੋਣਵੇਂ ਅੰਸ਼ ਦਿੱਤੇ ਗਏ ਹਨ, ਜਿਨ੍ਹਾਂ ਤੋਂ ਇਸ ਬਾਣੀ ਦੀ ਵਨਗੀ ਵੀ ਦੂਰੋਂ ਝਲਕਾਰੇ ਮਾਰਦੀ ਪਰਤੱਖ ਨਜ਼ਰ ਆਉਂਦੀ ਹੈ । ਇਹ ਤਸਵੀਰ ਇੰਨੀ ਸਵੈ-ਸਪਸ਼ਟ ਹੈ ਕਿ ਕੋਈ ਟਿਪਣੀ ਕਰਨ ਦੀ ਲੋੜ ਹੀ ਨਹੀਂ ਰਹਿ ਜਾਂਦੀ ।

ਇਸ ਭਾਗ ਵਿਚ ਹੇਠ ਲਿਖੀਆਂ ਸਤਰਾਂ ਵਿਸ਼ੇਸ਼ ਤੌਰ 'ਤੇ ਧਿਆਨ-ਯੋਗ ਹਨ:-

**'ਜਗਤ ਮਾਤਾ ਦੀ ਬਾਣੀ' ਵਿਚੋਂ:-**

ਡਾਕਟਰ ਦੇ ਲੜ ਲਗੀ ਕੋਈ ਬਣ ਗਈ ਆਪੇ ਡਾਕਟਰਨੀ ।
ਮਾਸਟਰ ਦੇ ਨਾਲ ਲਈਆਂ ਲਾਵਾਂ ਸਭ ਜਗ ਆਖੇ ਮਾਸਟਰਨੀ ।
ਸੰਤ ਮਿਲੇ ਤੇ ਸੰਤ ਬਣੀ ਹਾਂ, ਇਹ ਬੂਟਾ ਤੇ ਮੈਂ ਹਾਂ ਛਾਂ ।
ਜਗਤ ਪਿਤਾ ਨੇ ਚਰਨੀ ਲਾਇਆ, ਆਪੇ ਬਣ ਗਈ ਜਗ ਦੀ ਮਾਂ
ਆਦਿ ਅੰਤ ਹੈ ਏਹੋ ਜਗਦਾ, ਏਹੋ ਜਗ ਦਾ ਬਾਨੀ ਏਂ ।
ਜੋ ਸਮਝੇ ਬੁੱਧਵੰਤੀ ਜਾਇਆ ਮਹਾਂ ਮੂੜ੍ਹ ਅਗਿਆਨੀ ਏਂ ।
ਗੁਰੂ ਬਚਨ ਹੈ ਰਾਖਾ ਜਗ ਦਾ ਏਹੋ ਜਗ ਦਾ ਮਾਲਕ ਏ ।
ਰਾਜ਼ਕ ਦਾਤਾ ਕੁਲ ਦੁਨੀਆ ਦਾ ਸਾਰੇ ਜਗ ਦਾ ਪਾਲਕ ਏ ।
ਗੁਰੂਬਚਨ ਨੂੰ ਤੀਰਥ ਸਮਝੋ ਇਹ ਸੰਤਾਂ ਦਾ ਮੰਦਰ ਏ ।
ਮੇਰੀ ਸੂਰਤ ਮੇਰੀ ਜੋਤੀ ਸਭ ਕੁਝ ਇਸ ਦੇ ਅੰਦਰ ਏ ।

**'ਰਾਜ ਮਾਤਾ ਦੀ ਬਾਣੀ' ਵਿਚੋਂ:-**

ਨੂੰਹ ਬਣੀ ਅਵਤਾਰ ਗੁਰੂ ਦੀ ਬਦਲ ਗਈ ਜੀਵਨ ਦੀ ਧਾਰ ।
ਦਾਸੀ ਤੋ ਮੈਂ ਬਣ ਗਈ ਰਾਣੀ ਤੇਰੀ ਬਖ਼ਸ਼ਿਸ਼ ਬੜੀ ਅਪਾਰ ।
ਇਸ ਨੂੰ ਕੀ ਸੁਣਾਕੇ ਦੱਸਣਾ ਇਹ ਤਾਂ ਅੰਤਰਜਾਮੀ ਏਂ ।
ਕੁਲਵੰਤ ਦਾ ਬਣਿਆ ਸਵਾਮੀ ਜਿਹੜਾ ਘਟ-ਘਟ ਅੰਤਰਯਾਮੀ ਏਂ ।

## ਭਾਗ–IV

ਇਸ ਭਾਗ ਵਿਚ 41 ਸੰਤਾਂ ਵਿਚੋਂ ਸਿਰਫ਼ ਪੰਜ ਸੰਤਾਂ ਦੀ 'ਬਾਣੀ' ਹੀ ਦਿੱਤੀ ਗਈ ਹੈ ਜੋ ਤਕਰੀਬਨ ਇਕ ਦੂਜੀ ਨਾਲ ਬਹੁਤ ਮਿਲਦੀ-ਜੁਲਦੀ ਹੀ ਹੈ । ਇਸ ਉੱਤੇ ਵੀ ਟਿਪਣੀ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਸਿਆਣੇ

ਪਾਠਕ ਇਸਦੇ ਸਾਹਿਤਕ ਪੱਧਰ ਅਤੇ ਵਿਚਾਰਾਂ ਦੀ ਵਨਗੀ ਨੂੰ ਸਹਿਜੇ ਹੀ ਜਾਣ ਲੈਣਗੇ।

ਹੇਠ ਲਿਖੀਆਂ ਸਤਰਾਂ ਵਿਸ਼ੇਸ਼ ਤੌਰ 'ਤੇ ਉਲੇਖਨੀਯ ਹਨ:-

**ਸੰਤ ਭਾਗ ਦੀ ਬਾਣੀ ਵਿਚੋਂ:-**

ਨੇਮ ਨਾਲ ਮੈਂ ਤੜਕੇ ਉਠਕੇ ਗੁਰਦੁਆਰੇ ਜਾਂਦਾ ਸਾਂ।
ਲਾਈ ਸੁੰਨ ਸਮਾਧੀ ਫੇਰੀ ਮਾਲਾ ਪਾਠ ਰਖਾਏ ਮੈਂ।
ਹੱਥੋਂ ਪੁੰਨ ਦਾਨ ਵੀ ਕੀਤੇ ਲੰਗਰ ਖੂਬ ਲੁਆਏ ਮੈਂ।
ਪੂਰਾ ਗੁਰ ਅਵਤਾਰ ਜਾਂ ਮਿਲਿਆ ਰਮਿਆ ਰਾਮ ਵਿਖਾ ਦਿੱਤਾ।
ਅੰਨ੍ਹੇ ਖੂਹ 'ਚੋਂ ਕੱਢਕੇ ਮੈਨੂੰ ਸਿੱਧੇ ਰਾਹ 'ਤੇ ਪਾ ਦਿੱਤਾ।

**ਸੰਤ ਗਿਰਧਾਰੀ ਲਾਲ ਭੌਰ ਦੀ ਬਾਣੀ ਵਿਚੋਂ:-**

ਮੰਦਰ ਜਾਂਦਾ ਪੂਜਾ ਕਰਦਾ ਜਪ ਤਪ ਵੀ ਮੈਂ ਕਰਦਾ ਸਾਂ।
ਹਾੜ ਸਿਆਲ ਦੀ ਗਰਮੀ ਸਰਦੀ ਰਾਵੀ ਕੰਢੇ ਜਰਦਾ ਸੀ।
ਜਿਸ ਰੱਬ ਦੇ ਲਈ ਜ਼ਫ਼ਰ ਜਾਲੇ ਆਪਾ ਘੋਲ ਘੁਮਾਇਆ ਮੈਂ।
'ਭੌਰ' ਗੁਰੂ ਅਵਤਾਰ ਨੇ ਦੱਸਿਆ ਛਿਨ ਵਿਚ ਰੱਬ ਨੂੰ ਪਾਇਆ ਮੈਂ।

**ਸੰਤ ਦੇਸ ਰਾਜ ਦੀ ਬਾਣੀ ਵਿਚੋਂ:-**

ਗੰਗਾ ਜਾ ਜਾ ਟੁੱਬੀਆਂ ਲਾਈਆਂ ਕੀਤੇ ਮੈਂ ਇਸ਼ਨਾਨ ਕਈ।
ਪੰਡਤਾਂ ਦੇ ਮੈਂ ਲਗ-ਲਗ ਆਖੇ ਕੀਤੇ ਪੁੰਨ ਤੇ ਦਾਨ ਕਈ।
ਔਖੇ ਸੌਖੇ ਕਰਮ ਕਮਾਏ, ਰਾਹ ਪਰ ਨਜ਼ਰੀਂ ਅਇਆ ਨਾ।
'ਦੇਸ' ਕਹੇ ਅਵਤਾਰ ਦੇ ਬਾਝੋਂ ਕਿਸੇ ਵੀ ਘਰ ਦਿਖਲਾਇਆ ਨਾ।

**ਸੰਤ ਰਾਮ ਸਰਨ ਦੀ ਬਾਣੀ ਵਿਚੋਂ:-**

ਜਾ ਜਾ ਮੰਦਰ ਟੋਲੇ ਸਾਰੇ ਨਜ਼ਰੀਂ ਆਇਆ ਨਾ ਭਗਵਾਨ।
ਫੋਲ ਲਏ ਮੈਂ ਪੰਨੇ ਸਾਰੇ ਗੀਤਾ ਵੇਦ ਗ੍ਰੰਥਾਂ ਦੇ।
ਘਾਲ ਮੇਰੀ ਪਰ ਗਈ ਅਜਾਈਂ ਹੋਇਆ ਰੱਬ ਦਾ ਨਾ ਦੀਦਾਰ।
ਸ਼ਰਨ ਗੁਰੂ ਅਵਤਾਰ ਦੀ ਆ ਕੇ ਦਿਸ ਪਿਆ ਏ ਦਸਵਾਂ ਦੁਆਰ।

**ਸੰਤ ਮੁਖਤਿਆਰ ਸਿੰਘ ਦੀ ਬਾਣੀ ਵਿਚੋਂ:-**

ਭੇਦ ਪਾਣ ਲਈ ਦਰਸ ਕਰਨ ਲਈ ਇਸ ਪ੍ਰਭ ਅੰਤਰਜਾਮੀ ਦਾ।
ਆਸ ਪੁਜਾ ਦਏ ਸ਼ਾਇਦ ਮੈਂ ਲੜ ਫੜਿਆ ਰਾਧਾ-ਸੁਆਮੀ ਦਾ।
ਕਰਮ ਕਰ-ਕਰ ਹਾਰਿਆ ਦਿਸਿਆ ਨਾ ਇਹ ਚੰਦ।
ਅਵਤਾਰ ਗੁਰੂ ਦੀ ਭਾਲ ਵਿਚ ਕੰਨ ਵੀ ਹੋ ਗਏ ਬੰਦ।

✧✧✧